ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨੁ ਪਤਿ ਪਾਵੈ ॥੧॥ ਕਿਆ ਬਗੁ ਬਪੁੜਾ ਛਪੜੀ ਨਾਇ ॥ ਕੀਚੜਿ ਡੂਬੈ ਮੈਲੁ ਨ ਜਾਇ ॥੧॥ਰਹਾਉ॥ ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥ ਮੁਕਤਿ ਪਦਾਰਥੁ ਹਰਿ ਰਸ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥ ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ ਅਕਥ ਕਥਾ ਗੁਰ ਬਚਨੀ ਆਦਰੁ ॥੩॥ ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥(ਹੇ ਭਾਈ!) ਗੁਰੂ ਸਮੁੰਦਰ ਹੈ ਅਤੇ ਸ਼ੁੱਭ ਗੁਣਾਂ ਰੂਪ ਰਤਨਾਂ ਨਾਲ ਭਰਿਆ ਹੋਇਆ ਹੈ। ਸੰਤ ਹੰਸਾਂ ਵਾਂਗ (ਉਸ ਸਮੁੰਦਰ ਵਿਚੋਂ) ਅੰਮ੍ਰਿਤ ਰੂਪ ਮੋਤੀ ਚੁਗਦੇ ਹਨ ਅਤੇ (ਸਮੁੰਦਰ ਤੋਂ) ਦੂਰ ਨਹੀਂ ਜਾਂਦੇ। ਉਹ ਹਰੀ ਦਾ ਨਾਮ ਰਸ ਰੂਪ ਚੋਗ ਚੁਗਦੇ ਹਨ, (ਜਿਸ ਕਰਕੇ ਉਹ ਸੰਤ) ਪ੍ਰਭੂ ਨੂੰ ਚੰਗੇ ਲਗਦੇ ਹਨ। (ਗੁਰੂ ਰੂਪ) ਸਮੁੰਦਰ ਵਿਚ ਰਹਿ ਕੇ ਸੰਤ ਰੂਪ ਹੰਸ ਪ੍ਰਾਣਾਂ ਦੇ ਮਾਲਕ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ।੧। (ਜੋ ਕੁਸੰਗ ਰੂਪ) ਛਪੜੀ ਵਿਚ ਨਹਾਉਂਦਾ ਹੈ, (ਉਹ ਮਨਮੁਖ ਰੂਪ) ਬਗਲਾ ਵਿਚਾਰਾ ਕੀ ਹੈ? (ਤੁੱਛ ਹੈ। ਉਹ ਗੁਰੂ ਰੂਪ ਸਮੁੰਦਰ ਨੂੰ ਛਡ ਕੇ ਵਿਅਰਥ ਕਰਮ ਕਾਂਡ ਤੇ ਦੇਵ ਪੂਜਾ ਰੂਪ) ਚਿੱਕੜ ਵਿਚ ਡੁਬਦਾ ਹੈ, (ਜਿਸ ਕਰਕੇ ਉਸ ਦੀ) ਮੈਲ ਨਹੀਂ ਜਾਂਦੀ (ਲਹਿੰਦੀ)।੧। (ਹੇ ਭਾਈ!) ਵਿਚਾਰਵਾਨ ਪੁਰਖ ਸੋਚ ਕੇ ਤੇ ਸੰਭਲ ਕੇ (ਅਪਣੇ ਜੀਵਨ ਵਿਚ) ਕਦਮ ਰਖਦੇ ਹਨ। (ਉਹ) ਦੁਚਿੱਤੇਪਣ ਨੂੰ ਛਡ ਕੇ ਕਰਤਾਰ ਦੇ ਅਨੁਸਾਰੀ ਹੋ ਜਾਂਦੇ ਹਨ। ਉਹ ਹਰੀ ਦਾ ਨਾਮ ਰਸ ਚੱਖਦੇ ਹਨ ਅਤੇ ਮੁਕਤ ਪਦਾਰਥ ਪਾ ਲੈਂਦੇ ਹਨ। ਉਨ੍ਹਾਂ ਦੇ ਜਨਮ ਮਰਨ ਮੁਕ ਗਏ ਹਨ, ਗੁਰੂ ਨੇ (ਕ੍ਰਿਪਾ ਕਰਕੇ ਉਨ੍ਹਾਂ ਨੂੰ ਜਨਮ ਮਰਣ ਤੋਂ ਬਚਾ ਕੇ) ਰੱਖਿਆ ਹੈ।੨। ਹੰਸ ਰੂਪ ਸੰਤ ਗੁਰੂ ਰੂਪ ਸਮੁੰਦਰ ਨੂੰ ਛਡ ਕੇ ਕਿਧਰੇ ਨਹੀਂ ਜਾਂਦਾ। ਪ੍ਰੇਮਾ ਭਗਤੀ ਕਰਕੇ ਉਹ ਅਡੋਲ ਆਤਮਕ ਸੁਖ ਵਿਚ ਲੀਨ ਰਹਿੰਦਾ ਹੈ। ਗੁਰੂ ਰੂਪ ਸਮੁੰਦਰ ਵਿਚ ਹੰਸ ਰੂਪ ਸੰਤ ਹੈ ਅਤੇ ਹੰਸ ਰੂਪ ਸੰਤ ਦੇ ਹਿਰਦੇ ਵਿਚ ਗੁਰੂ ਰੂਪ ਸਮੁੰਦਰ ਸਮਾਇਆ ਰਹਿੰਦਾ ਹੈ (ਸੂਤ ਦੇ ਤਾਣੇ ਪੇਟੇ ਵਾਲੀ ਅਵਸਥਾ ਹੈ। ਉਹ) ਗੁਰੂ ਦੇ ਬਚਨਾਂ ਦੁਆਰਾ ਅਕੱਥ ਹਰੀ ਦੀ ਕਥਾ (ਸਿਫਤ ਸਲਾਹ) ਕਰਕੇ ਲੋਕ ਪ੍ਰਲੋਕ ਵਿਚ ਆਦਰ ਪਾਉਂਦਾ ਹੈ।੩। ਅਫੁਰ ਅਵਸਥਾ ਵਿਚ ਇਕ ਜੋਗੀ (ਹਰੀ) ਰਹਿੰਦਾ ਹੈ। ਉਹ ਨਾ ਇਸਤ੍ਰੀ ਹੈ ਤੇ ਨਾ ਪੁਰਸ਼ ਹੈ, ਕੋਈ ਕੀ ਕਹੇ ਕਿ ਉਹ ਕੈਸਾ ਹੈ? ਤਿੰਨੇ ਲੋਕ ਭਾਵ ਸਾਰੀ ਸ੍ਰਿਸ਼ਟੀ ਉਸ ਦੀ ਜੋਤ ਵਿਚ ਧਿਆਨ ਲਾਈ ਰਖਦੀ ਹੈ। ਉਤਮ ਪੁਰਸ਼ ਅਤੇ ਜੋਗੀਆਂ ਦੇ ਮਹੰਤ ਉਸ ਸੱਚੇ ਦੀ ਸ਼ਰਣ ਵਿਚ ਪੈਂਦੇ ਹਨ (ਸ਼ਬਦਾਰਥ; ਡਾ. ਤਾਰਨ ਸਿੰਘ); ਸਿਧ ਪੁਰਖ ਅਫੁਰ ਅਵਸਥਾ ਵਿਚ ਬੈਠੇ ਰਹਿੰਦੇ ਹਨ। (ਜਿਸ ਹਰੀ ਵਿਚ ਧਿਆਨ ਲਾਈ ਬੈਠੇ ਹਨ), ਕੋਈ ਦੱਸੋ ਉਹ ਕੈਸਾ ਹੈ? (ਉਹ ਪ੍ਰਭੂ) ਨਾ ਇਸਤ੍ਰੀ ਹੈ ਤੇ ਨਾ ਪੁਰਖ ਹੈ {ਨਾਰਿ ਨ ਪੁਰਖੁ ਨਾ ਪੰਖਣੂ ਸਾਚਉ ਚਤੁਰ ਸਰੂਪੁ ੧੦੭੦}। (ਉਸ ਪ੍ਰਭੂ ਦੀ) ਜੋਤ ਤਿੰਨਾਂ ਭਵਨਾਂ ਵਿਚ ਵਿਆਪਕ ਹੈ, (ਸਿੱਧ ਲੋਕ ਉਸ ਵਿਚ) ਲਿਵ ਲਾਈ ਰਖਦੇ ਹਨ। ਦੇਵਤੇ, ਮਨੁੱਖ ਅਤੇ ਨਾਥ ਸੱਚੇ ਹਰੀ ਦੀ ਸ਼ਰਣ ਲੈਂਦੇ ਹਨ (ਸੰ.ਸ.; ਫ.ਸ.)।੪।

ਪਦਾਰਥ = ਰਤਨੀ–ਸ਼ੁੱਭ ਗੁਣਾਂ ਰੂਪ ਰਤਨਾਂ ਨਾਲ। ਭਰਪੂਰੇ–ਪੂਰੀ ਤਰ੍ਹਾਂ ਭਰਿਆ ਹੋਇਆ। ਚੁਗਹਿ–ਚੁਗਦੇ (ਖਾਂਦੇ) ਹਨ। ਚੋਗ–ਖੁਰਾਕ। ਭਾਵੈ–ਚੰਗੇ ਲਗਦੇ ਹਨ। ਸਰਵਰ ਮਹਿ–ਸਮੁੰਦਰ ਵਿਚ। ਹੰਸੁ–ਸੰਤ। ਪ੍ਰਾਨ ਪਤਿ–ਪ੍ਰਾਣਾਂ ਦਾ ਮਾਲਕ ਪ੍ਰਭੂ।੧। ਬਗੁ–ਬਗਲਾ। ਬਪੁੜਾ–ਵਿਚਾਰਾ। ਨਾਇ–ਨ੍ਹਾਉਂਦਾ ਹੈ। ਕੀਚੜਿ–ਚਿੱਕੜ ਵਿਚ।੧। ਰਹਾਉ। ਰਖਿ ਰਖਿ–ਰਖ ਰਖ (ਸੋਚ ਕੇ ਤੇ ਸੰਭਲ) ਕੇ। ਚਰਨ–ਕਦਮ। ਧਰੇ–ਰੱਖਦੇ ਹਨ। ਵੀਚਾਰੀ–ਵਿਚਾਰਵਾਨ ਪੁਰਖ। ਦੁਬਿਧਾ–ਦੁਚਿੱਤਾਪਣ। ਭਏ ਨਿਰੰਕਾਰੀ–ਨਿਰੰਕਾਰ ਦੇ ਅਨੁਸਾਰੀ ਹੋ ਜਾਂਦੇ ਹਨ। ਆਵਣ ਜਾਣ–ਆਵਾਗਵਨ (ਜਨਮ ਮਰਨ)। ਰਹੇ–ਮੁੱਕ ਗਏ। ਗੁਰਿ–ਗੁਰੂ ਨੇ। ਰਾਖੇ–ਬਚਾ ਕੇ ਰੱਖਿਆ ਹੈ।੨। ਸਹਜਿ ਸਮਾਇ –ਅਡੋਲ ਆਤਮਕ ਸੁਖ ਵਿਚ ਲੀਨ ਰਹਿੰਦਾ। ਅਕਥ ਕਥਾ–ਬਿਆਨ ਨਾ ਹੋ ਸਕਣ ਵਾਲੇ ਹਰੀ ਦੀ ਕਥਾ (ਸਿਫਤ ਸਲਾਹ)। ਆਦਰੁ–ਸਨਮਾਨ। ਗੁਰ ਬਚਨੀ–ਗੁਰੂ ਦੇ ਬਚਨਾਂ ਦੁਆਰਾ।੩। ਜੋਗੀ–ਹਰੀ; ਪ੍ਰਭੂ ਨਾਲ ਜੁੜਿਆ ਸਿੱਧ ਪੁਰਖ। ਬੈਸੇ–ਬੈਠੇ ਹਨ। ਨਾਰਿ–ਇਸਤ੍ਰੀ। ਕਹਹੁ–ਕਹੋ; ਦੱਸੋ। ਤ੍ਰਿਭਵਣ–ਤਿੰਨੇ ਭਵਨ (ਸਾਰੀ ਸ੍ਰਿਸ਼ਟੀ)। ਰਹੇ ਲਿਵ ਲਾਈ–ਧਿਆਨ ਲਾਈ ਰਖਦੇ ਹਨ। ਸੁਰਿ–ਦੇਵਤੇ। ਨਰ–ਮਨੁੱਖ। ਨਾਥ–ਸਿੱਧਾਂ ਦੇ ਵੱਡੇ ਨੌ ਨਾਥ (ਮਹੰਤ)। ਸਚੇ–ਸੱਚੇ ਪ੍ਰਭੂ ਦੀ। ਸਰਣਾਈ–ਸ਼ਰਣ ਵਿਚ।੪।

ਸੁੰਨ ਮੰਡਲ = ੧. ਪ੍ਰਭੂ ਦੀ ਅਫੁਰ ਅਵਸਥਾ, ਜਦੋਂ ਸ੍ਰਿਸ਼ਟੀ ਹੋਂਦ ਵਿਚ ਨਹੀਂ ਸੀ ਆਈ, ਉਦੋਂ ਕੁਛ ਵੀ ਨਹੀਂ ਸੀ, ਕੇਵਲ ਨਿਰ ਵਿਕਲਪ ਰੂਪ ਵਿਚ ਪਾਰਬ੍ਰਹਮ ਹੀ ਸੀ। ਹੋਰ ਸਭ ਸੁੰਨਮਸਾਨ ਸੀ।੨. ਮਹਾਂ ਪੁਰਖਾਂ ਦੇ ਅੰਤਹਕਰਨ ਦੀ ਫੁਰਨੇ ਤੋਂ ਰਹਿਤ ਅਵਸਥਾ।
ਅਕਥ ਕਥਾ = (ਸੰਤ ਤੇ ਗੁਰੂ ਦੀ ਏਕਤਾ ਦੀ) ਕਥਾ ਕਹੀ ਨਹੀਂ ਜਾ ਸਕਦੀ, ਇਸ ਅਵਸਥਾ ਵਿਚ ਪਹੁੰਚਿਆ ਸੰਤ ਗੁਰੂ ਦੇ ਬਚਨਾਂ ਦੁਆਰਾ (ਲੋਕ ਪ੍ਰਲੋਕ ਵਿਚ) ਆਦਰ ਪਾਉਂਦਾ ਹੈ। ਨਾਰਿ ਨ ਪੁਰਖੁ = ਕੋਈ ਇਕ ਵਿਰਲੇ ਜੋਗੀ ਦਸਮ ਦੁਆਰ ਵਿਚ ਸੁਰਤ ਜੋੜ ਕੇ ਬੈਠਦੇ ਹਨ। ਕੋਈ ਦੱਸੋ (ਦਸਮ ਦੁਆਰ ਵਿਚ ਪੁਜੇ ਜੋਗੀ) ਕੈਸੇ ਹਨ, (ਉਸ ਅਵਸਥਾ ਵਿਚ ਪੁੱਜਿਆ ਜੋਗੀ ਰੱਬ ਰੂਪ ਹੋ ਜਾਂਦਾ ਹੈ, ਜਿਸ ਕਰਕੇ ਉਹ) ਨਾ ਇਸਤ੍ਰੀ ਹੈ ਤੇ ਨਾ ਪੁਰਖ ਹੈ ਭਾਵ ਉਥੇ ਕੋਈ ਲਿੰਗ ਨਹੀਂ ਰਹਿ ਜਾਂਦਾ।

ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥ ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ

ਧਾਰੇ ॥੫॥ (ਹੇ ਭਾਈ! ਪ੍ਰਭੂ) ਅਨੰਦ ਦਾ ਸੋਮਾ ਹੈ ਅਤੇ ਅਨਾਥਾਂ ਦਾ ਆਸਰਾ ਹੈ। ਗੁਰਮੁਖ ਲੋਕ ਭਗਤੀ ਅਤੇ ਕੁਦਰਤੀ ਆਤਮ ਗਿਆਨ ਰਾਹੀਂ ਉਸ ਦਾ ਵਿਚਾਰ ਕਰਦੇ ਹਨ। (ਪ੍ਰਭੂ ਸੇਵਕਾਂ ਦੀ) ਭਗਤੀ ਨੂੰ ਪਿਆਰ ਕਰਨ ਵਾਲਾ ਹੈ ਅਤੇ (ਹਰ ਪ੍ਰਕਾਰ ਦਾ) ਡਰ ਕੱਟ ਦੇਣ ਵਾਲਾ ਹੈ। ਹੰਕਾਰ ਨੂੰ ਮਾਰ ਕੇ (ਗੁਰਮੁਖ ਰੱਬ ਦੇ ਰਸਤੇ ਤੇ) ਪੈਰ ਰਖਦਾ ਹੈ ਤੇ (ਉਸ ਨੂੰ) ਮਿਲ ਪੈਂਦਾ ਹੈ।੫।

ਅੰਗ ੬੮੬ = ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥ ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥ ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥ ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥ ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕ ਜਾਚੈ ਸਾਚੁ ਸਰੂਪੁ ॥੮॥੧॥ (ਹੇ ਭਾਈ! ਨਾਮ ਸਿਮਰਨ ਤੋਂ ਬਿਨਾ ਹੋ) ਅਨੇਕਾਂ ਤਰ੍ਹਾਂ ਦੇ ਜਤਨ ਕਰਨ ਤੇ ਵੀ ਕਾਲ ਦੁਖ ਦੇਂਦਾ ਹੈ। (ਸਾਰੇ ਜੀਵ ਅਪਣੇ ਭਾਗਾਂ ਵਿਚ) ਮੌਤ ਲਿਖਾ ਕੇ ਜਗਤ ਵਿਚ ਆਏ (ਜਨਮੇ) ਹਨ। (ਮਨੁੱਖ ਅਪਣਾ) ਅਮੋਲਕ ਜਨਮ ਦੁਬਿਧਾ ਵਿਚ ਲਗ ਕੇ ਬਿਅਰਥ ਗਵਾ ਲੈਂਦਾ ਹੈ। (ਮਨੁੱਖ) ਅਪਣੇ ਆਪ ਨੂੰ ਪਛਾਣਦਾ ਨਹੀਂ, (ਜਿਸ ਕਰ ਕੇ ਅਨੇਕਾਂ ਜੋਨੀਆਂ ਵਿਚ) ਭਟਕ ਭਟਕ ਕੇ ਰੋਂਦਾ (ਦੁਖੀ ਹੁੰਦਾ) ਹੈ।੬। (ਗੁਰਮੁਖ ਪ੍ਰਭੂ ਦੇ) ਇਕ ਨਾਮ ਨੂੰ ਜਪਦਾ ਹੈ, ਨਾਮ ਹੀ ਪੜ੍ਹਦਾ ਤੇ ਸੁਣਦਾ ਹੈ। ਧਰਤੀ ਨੂੰ ਆਸਰਾ ਦੇਣ ਵਾਲੇ ਪ੍ਰਭੂ ਦੀ ਟੇਕ (ਗੁਰਮੁਖ ਨੂੰ) ਧੀਰਜ ਤੇ ਧਰਮ ਆਦਿ ਗੁਣ ਬਖ਼ਸ਼ਦੀ ਹੈ। ਜੇ ਮਨੁੱਖ ਦਾ ਮਨ ਸਹਿਜ ਅਵਸਥਾ ਲਈ ਪਰਚ ਜਾਵੇ ਤਾਂ ਜਤ, ਸਤ ਤੇ ਸੰਜਮ ਆਦਿ ਗੁਣ (ਆਪਣੇ ਆਪ) ਹਿਰਦੇ ਵਿਚ ਸਮਾ ਜਾਂਦੇ ਹਨ।੭। ਜੋ ਮਨੁੱਖ ਸੱਚੇ ਹਰੀ ਦੇ ਨਾਮ ਨੂੰ ਜਪ ਕੇ ਪਵਿਤ੍ਰ ਹੋਏ ਹਨ, ਉਨ੍ਹਾਂ ਨੂੰ ਮੈਲ ਨਹੀਂ ਲਗਦੀ। ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ ਦਾ ਸਭ ਤਰ੍ਹਾਂ ਦਾ) ਭਰਮ ਤੇ ਡਰ ਭੱਜ ਜਾਂਦਾ ਹੈ। ਨਾਨਕ ਉਸ ਸੱਚੇ ਸਰੂਪ ਵਾਲੇ ਹਰੀ ਨੂੰ ਮੰਗਦਾ ਹੈ, ਜੋ ਸੋਹਣੇ ਰੂਪ ਵਾਲਾ, ਸਭ ਤੋਂ ਮੁਢਲੀ ਹਸਤੀ ਅਤੇ ਉਪਮਾ ਤੋਂ ਪਰੇ ਹੈ।੮।੧। (ਜਿਆਦਾ ਤਰ ਅਰਥ ਸ਼ਬਦਾਰਥ ਤੋਂ ਲਏ ਹਨ)।

ਪਦਾਰਥ = ਆਨੰਦ ਮੂਲੁ–ਅਨੰਦ ਦਾ ਸੋਮਾ। ਅਨਾਥ–ਯਤੀਮ; ਹਰੀ ਦਾ ਕੋਈ ਮਾਲਕ ਨਹੀਂ (ਸੁਤੰਤਰ ਹੈ) ਸੰ.ਸ.; ਫ.ਸ.। ਅਧਾਰੀ–ਆਸਰਾ। ਸਹਜਿ–ਕੁਦਰਤੀ ਆਤਮ ਗਿਆਨ ਰਾਹੀਂ। ਭਗਤਿ ਵਛਲ–ਭਗਤੀ ਨੂੰ ਪਿਆਰ ਕਰਨ ਵਾਲਾ। ਪਗੁ ਧਾਰੇ–ਪੈਰ ਰਖਦਾ ਹੈ।੫। ਕਾਲੁ–ਮੌਤ। ਸੰਤਾਏ–ਦੁਖ ਦੇਂਦਾ ਹੈ। ਮਰਣੁ–ਮੌਤ। ਮੰਡਲ ਮਹਿ–ਜਗਤ ਵਿਚ। ਦੁਬਿਧਾ–ਦੁਚਿੱਤਾਪਣ (ਮਨ ਦਾ ਦੋ ਪਾਸੇ ਹੋਣਾ)। ਖੋਵੈ–ਗਵਾ ਲੈਂਦਾ ਹੈ। ਆਪੁ–ਅਪਣੇ ਆਪ ਨੂੰ। ਨ ਚੀਨਸਿ–ਨਹੀਂ ਪਛਾਣਦਾ। ਭ੍ਰਮਿ ਭ੍ਰਮਿ–ਭਟਕ ਭਟਕ ਕੇ; ਜੋਨੀਆਂ ਦੀ ਘੁੰਮਣ ਘੇਰੀ ਵਿਚ। ਰੋਵੈ–ਰੋਂਦਾ (ਦੁਖੀ ਹੁੰਦਾ) ਹੈ।੬। ਕਹਤਉ–ਬਿਆਨ ਕਰਦਾ ਹੈ; ਜਪਦਾ ਹੈ। ਪੜਤਉ–ਪੜ੍ਹਦਾ ਹੈ। ਏਕ–ਇਕ ਪ੍ਰਭੂ। ਧੀਰਜ–ਦੁਖ ਕਲੇਸ਼ ਵਿਚ ਮਨ ਦਾ ਟਿਕਾਉ। ਧਰਮੁ–ਧਾਰਮਕ ਗੁਣ। ਧਰਣੀਧਰ–ਧਰਤੀ ਨੂੰ ਆਸਰਾ ਦੇਣ ਵਾਲਾ ਪ੍ਰਭੂ। ਸੰਜਮੁ–ਇੰਦ੍ਰੀਆਂ ਨੂੰ ਰੋਕ ਰਖਣਾ। ਰਿਦੈ ਸਮਾਏ–ਹਿਰਦੇ ਵਿਚ ਟਿਕ ਜਾਂਦੇ ਹਨ। ਚਉਥੇ ਪਦ–ਮਾਇਆ ਦੇ ਤਿੰਨ ਗੁਣਾ ਤੋਂ ਉਪਰ ਦੀ (ਸਹਿਜ) ਅਵਸਥਾ। ਕਉ–ਨੂੰ; ਲਈ। ਪਤੀਆਏ–ਪਰਚ ਜਾਵੇ; ਗਿੱਝ ਜਾਵੇ।੭। ਸਾਚੇ–ਸੱਚੇ ਹਰੀ (ਦੇ ਨਾਮ) ਨੂੰ ਜਪ ਕੇ। ਨਿਰਮਲ–ਪਵਿਤ੍ਰ। ਸਬਦਿ–ਸ਼ਬਦ ਦੁਆਰਾ। ਭਾਗੈ–ਭੱਜ ਜਾਂਦਾ ਹੈ। ਸੂਰਤਿ ਮੂਰਤਿ–ਸੋਹਣੇ ਰੂਪ ਵਾਲਾ; ਸੁੰਦਰ ਹਸਤੀ ਵਾਲਾ। ਆਦਿ–ਸਭ ਦਾ ਮੁੱਢ। ਅਨੂਪੁ–ਉਪਮਾ ਤੋਂ ਪਰੇ (ਜਿਸ ਵਰਗਾ ਹੋਰ ਕੋਈ ਨਹੀਂ)। ਜਾਚੈ–ਮੰਗਦਾ ਹੈ। ਸਾਚੁ ਸਰੂਪੁ–ਸੱਚੇ ਸਰੂਪ ਵਾਲਾ ਪ੍ਰਭੂ।੮।੧।

ਧਨਾਸਰੀ ਮਹਲਾ ੧ ॥ ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥ ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥ ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ਰਹਾਉ॥ ਸੋ ਗੁਰੁ ਕਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥੨॥ ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥ ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥ ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ (ਹੇ ਭਾਈ! ਜਿਹੜਾ ਮਨੁੱਖ ਹਠ ਤੋਂ ਬਿਨਾ) ਕੁਦਰਤੀ ਆਤਮ ਗਿਆਨ ਰਾਹੀਂ ਹਰੀ ਨੂੰ ਮਿਲਦਾ ਹੈ, (ਅਸਲ ਵਿਚ ਉਹ) ਮਿਲਿਆ ਪ੍ਰਵਾਨ ਹੁੰਦਾ ਹੈ। ਉਸ ਮਨੁੱਖ ਦੀ ਆਤਮਕ ਮੌਤ ਨਹੀਂ ਹੁੰਦੀ ਅਤੇ ਨਾ (ਹੀ ਉਸ ਦਾ ਜੋਨੀਆਂ ਵਿਚ) ਆਉਣ ਜਾਣ ਹੁੰਦਾ ਹੈ। ਮਾਲਕ ਵਿਚ ਦਾਸ ਅਤੇ ਦਾਸ ਵਿਚ ਉਹ ਮਾਲਕ ਸਮਾਇਆ ਹੁੰਦਾ ਹੈ (ਦਾਸ ਤੇ ਮਾਲਕ ਇਕ ਰੂਪ ਹੋਏ ਹੁੰਦੇ ਹਨ। ਉਹ ਦਾਸ) ਜਿਥੇ ਦੇਖਦਾ ਹੈ, ਉਥੇ (ਉਸ ਨੂੰ ਪ੍ਰਭੂ ਤੋਂ ਬਿਨਾ) ਹੋਰ ਕੋਈ ਨਹੀਂ ਦਿਸਦਾ।੧। (ਹੇ ਭਾਈ!) ਗੁਰੂ ਰਾਹੀਂ ਭਗਤੀ ਅਤੇ ਸਹਿਜ ਦਾ ਘਰ ਪਾ ਲਈਦਾ ਹੈ। ਗੁਰੂ ਦੇ ਬਿਨਾ ਮਿਲੇ ਮਰ ਕੇ ਆਵਾਗਵਨ ਦੇ ਗੇੜ ਵਿਚ ਪਏ ਰਹੀਦਾ ਹੈ।੧। ਰਹਾਉ। (ਹੇ ਭਾਈ!) ਉਹ ਗੁਰੂ ਧਾਰਨ ਕਰੋ, ਜਿਹੜਾ ਸੱਚਾ ਨਾਮ ਦ੍ਰਿੜ ਕਰਾ ਦੇਵੇ। ਅਤੇ ਅਕੱਥ ਪ੍ਰਭੂ ਦੀ ਕਥਾ ਕਹਾਵੇ (ਹਰੀ ਦੀ ਸਿਫਤ ਸਲਾਹ ਕਰਾਵੇ ਅਤੇ ਅਪਣੇ) ਸ਼ਬਦ ਵਿਚ ਜੋੜ ਕੇ (ਹਰੀ ਨਾਲ) ਮਿਲਾ ਦੇਵੇ। ਹਰੀ ਦੇ ਲੋਕਾਂ ਨੂੰ ਹੋਰ ਕੋਈ ਕੰਮ ਕਾਰ ਚੰਗਾ ਨਹੀਂ ਲਗਦਾ। (ਉਨ੍ਹਾਂ ਨੂੰ) ਸੱਚਾ ਪ੍ਰਭੂ ਅਤੇ ਉਸ ਦਾ ਸੱਚਾ ਨਾਮ ਪਿਆਰਾ ਹੈ।੨। (ਹੇ ਭਾਈ! ਜਿਸ ਮਨੁੱਖ ਦਾ) ਮਨ ਤਨ ਵਿਚ ਟਿਕਿਆ ਰਹਿੰਦਾ ਹੈ (ਮਨ ਦੌੜਦਾ ਨਹੀਂ) ਅਤੇ ਮਨ ਵਿਚ ਸੱਚਾ ਪ੍ਰਭੂ ਹੈ। (ਉਹ) ਸੱਚਾ ਹੈ ਅਤੇ ਸੱਚ ਪ੍ਰਭੂ

ਨਾਲ ਮਿਲ ਕੇ ਉਸ ਵਿਚ ਰਚ ਮਿਚ (ਇਕ ਮਿਕ ਹੋ) ਗਿਆ ਹੈ। ਉਹ ਸੇਵਕ ਪ੍ਰਭੂ ਦੇ ਚਰਨੀਂ ਲਗਦਾ ਹੈ। (ਜਿਸ ਨੂੰ) ਪੂਰਾ ਸਤਿਗੁਰੂ ਮਿਲਦਾ ਹੈ, (ਸਤਿਗੁਰੂ ਉਸ ਸੇਵਕ ਨੂੰ) ਹਰੀ ਨਾਲ ਮਿਲਾ ਦੇਂਦਾ ਹੈ।੩। (ਹੇ ਭਾਈ! ਪ੍ਰਭੂ ਗੁਰੂ ਰੂਪ ਹੋ ਕੇ) ਆਪ ਅਪਣਾ ਦਰਸ਼ਨ ਦਿਖਾਉਂਦਾ ਹੈ ਅਤੇ ਆਪ ਹੀ (ਸਿੱਖ ਰੂਪ ਹੋ ਕੇ ਦਰਸ਼ਨ) ਦੇਖਦਾ ਹੈ। ਉਹ ਬਹੁਤੇ ਦਿਖਾਵਿਆਂ, ਭੇਖਾਂ ਅਤੇ ਹਠ ਰਾਹੀਂ ਕੀਤੇ ਕਰਮਾਂ ਨਾਲ ਪ੍ਰਸੰਨ ਨਹੀਂ ਹੁੰਦਾ। ਜਿਸ ਪ੍ਰਭੂ ਨੇ ਜੀਵਾਂ ਦੇ ਸਰੀਰ ਅਤੇ ਮਨ ਰੂਪ ਭਾਂਡੇ ਘੜ ਕੇ, (ਉਸ ਵਿਚ ਨਾਮ) ਅੰਮ੍ਰਿਤ ਪਾਇਆ ਹੈ। ਪ੍ਰੇਮਾ ਭਗਤੀ ਕਰਕੇ ਮਨੁੱਖ ਦਾ ਮਨ ਪ੍ਰਭੂ ਵਿਚ ਪਤੀਜਦਾ (ਵਿਸ਼ਵਾਸ਼ ਕਰਦਾ) ਹੈ।੪।

ਪਦਾਰਥ = ਸਹਜਿ–ਕੁਦਰਤੀ ਆਤਮ ਗਿਆਨ ਰਾਹੀਂ। ਤਿਸੁ–ਉਸ ਨੂੰ। ਮਰਣੁ–ਮੌਤ। ਆਵਣੁ ਜਾਣੁ–ਆਉਣਾ ਜਾਣਾ (ਜਨਮ ਮਰਨ) । ਠਾਕੁਰ–ਮਾਲਕ ਪ੍ਰਭੂ। ਸੋਇ–ਉਹ। ਜਹ–ਜਿਥੇ। ਤਹ–ਉਥੇ। ਅਵਰੁ–ਹੋਰ ਦੂਜਾ।੧। ਗੁਰਮੁਖਿ–ਗੁਰੂ ਰਾਹੀਂ। ਸਹਜ ਘਰੁ–ਸਹਿਜ ਅਵਸਥਾ ਦਾ ਟਿਕਾਣਾ। ਬਿਨੁ ਭੇਟੇ–ਬਿਨਾ ਮਿਲੇ। ਆਈਐ ਜਾਈਐ–ਆਵਾਗਵਨ ਦਾ ਗੇੜ।੧। ਰਹਾਉ। ਸੋ–ਉਹ। ਕਰਉ–ਧਾਰਨ ਕਰੋ। ਜਿ–ਜਿਹੜਾ। ਦ੍ਰਿੜਾਵੈ–(ਹਿਰਦੇ ਵਿਚ) ਪੱਕੀ ਤਰ੍ਹਾਂ ਟਿਕਾ ਦੇਵੇ। ਅਕਥੁ ਕਥਾ–(ਅਕੱਥ ਬੋਲੋ) ਬਿਆਨ ਨਾ ਹੋ ਸਕਣ ਵਾਲੇ ਪ੍ਰਭੂ ਦੀ ਸਿਫਤ ਸਲਾਹ ਵਾਲੀ ਕਥਾ। ਕਥਾਵੇ–ਉਚਾਰਨ ਕਰਾਵੇ। ਲੋਗ–ਲੋਕ (ਭਗਤ)। ਅਵਰ–ਹੋਰ ਕੋਈ। ਕਾਰਾ–ਕੰਮ। ਠਾਕੁਰੁ–ਪ੍ਰਭੂ।੨। ਤਨ ਮਹਿ–ਸਰੀਰ ਵਿਚ। ਮਨੂਆ–ਮਨ। ਰਾਚਾ–ਇਕ ਮਿਕ ਹੋ ਗਿਆ। ਪਾਇ–ਪੈਰੀਂ (ਚਰਨੀਂ)।੩। ਦਿਖਾਵੈ–ਦਿਖਾਉਂਦਾ ਹੈ। ਹਠਿ–ਹਠ ਰਾਹੀਂ ਕੀਤੇ ਕਰਮਾਂ ਨਾਲ। ਨ ਪਤੀਜੈ–ਪ੍ਰਸੰਨ ਨਹੀਂ ਹੁੰਦਾ। ਬਹੁ ਭੇਖੈ–ਬਹੁਤੇ ਭੇਖ ਕੀਤਿਆਂ। ਘੜਿ–ਬਣਾ ਕੇ। ਭਾਡੇ–ਸਰੀਰ ਰੂਪ ਭਾਂਡੇ। ਜਿਨਿ–ਜਿਸ ਨੇ। ਪ੍ਰਭਿ–ਪ੍ਰਭੂ ਵਿਚ। ਪਤੀਆਇਆ–ਪਤੀਜਦਾ (ਵਿਸ਼ਵਾਸ਼ ਕਰਦਾ) ਹੈ।੪।

ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥ ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥ ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥ ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥ ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥ (ਹੇ ਭਾਈ! ਜਿਹੜੇ ਮਨੁੱਖ ਵੇਦ ਸ਼ਾਸ਼ਤ੍ਰ) ਪੜ੍ਹ ਪੜ੍ਹ ਕੇ (ਵਿਦਿਆ ਦੇ ਹੰਕਾਰ ਵਿਚ ਰੱਬ ਨੂੰ) ਭੁੱਲ ਜਾਂਦੇ ਹਨ, (ਉਹ ਜਮਾਂ ਦੀਆਂ) ਚੋਟਾਂ ਖਾਦੇ ਹਨ। (ਉਹ) ਬਹੁਤ ਸਿਆਣਪ ਦੇ ਕਾਰਣ (ਜੋਨੀਆਂ ਵਿਚ) ਆਉਂਦੇ ਜਾਂਦੇ (ਬਾਰ ਬਾਰ ਜੰਮਦੇ ਮਰਦੇ) ਰਹਿੰਦੇ ਹਨ। (ਜੋ ਮਨੁੱਖ ਹਰੀ ਦਾ) ਨਾਮ ਜਪਦਾ ਹੈ ਅਤੇ (ਹਰੀ ਦਾ) ਭੈ ਰੂਪ ਭੋਜਨ ਖਾਂਦਾ ਹੈ। (ਇਹੋ ਜਿਹੇ) ਸੇਵਕ ਗੁਰੂ ਦੀ ਸ਼ਰਣ ਵਿਚ ਪੈ ਕੇ ਪ੍ਰਭੂ ਵਿਚ ਲੀਨ ਰਹਿੰਦੇ ਹਨ।੫। (ਜੋ ਮਨੁੱਖ) ਪੱਥਰ ਦੀਆਂ ਮੂਰਤੀਆਂ ਪੂਜਦੇ ਹਨ, ਤੀਰਥ ਯਾਤਰਾ ਕਰਦੇ ਹਨ ਤੇ (ਘਰ ਬਾਰ ਛਡ ਕੇ) ਜੰਗਲਾਂ ਵਿਚ ਨਿਵਾਸ ਕਰਦੇ ਹਨ। ਉਦਾਸੀ ਹੋਏ ਭਟਕਦੇ ਫਿਰਦੇ ਹਨ। ਮੈਲੇ ਮਨ ਵਾਲਾ ਮਨੁੱਖ ਸੁੱਚਾ ਕਿਵੇਂ ਹੋ ਸਕਦਾ ਹੈ? (ਜੋ ਮਨੁੱਖ) ਸੱਚੇ ਪ੍ਰਭੂ ਵਿਚ ਮਿਲਦਾ ਹੈ, ਉਹ ਇੱਜਤ ਪਾਉਂਦਾ ਹੈ।੬। ਹੇ ਪਿਆਰੇ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਉਹ ਗੁਰੂ ਮਿਲਾ ਦੇ। (ਜੋ) ਕਮਲ ਵਰਗੀ ਅੱਖ ਦੇ ਪਲਕਾਰੇ ਵਿਚ ਕ੍ਰੋੜਾਂ (ਪਾਪੀ ਜੀਵਾਂ) ਦਾ ਉਧਾਰ ਕਰ ਦਿੰਦਾ ਹੈ। ਜੋ ਸਰੀਰ (ਜੀਵਨ) ਕਰਕੇ ਚੰਗੇ ਆਚਰਣ ਵਾਲਾ ਤੇ ਵਿਚਾਰਵਾਨ ਹੈ। ਜਿਸ ਦਾ ਮਨ ਹਰ ਸਮੇਂ ਅਡੋਲ ਅਵਸਥਾ ਅਤੇ ਧੀਰਜ ਵਿਚ ਟਿਕਿਆ ਰਹਿੰਦਾ ਹੈ (ਇਸ ਪਦੇ ਵਿਚ ਪ੍ਰਭੂ ਅੱਗੇ ਗੁਰੂ ਦੇ ਮਿਲਾਪ ਲਈ ਅਰਦਾਸ ਕੀਤੀ ਹੋਈ ਹੈ)।੭ । ਹੇ ਪ੍ਰਭੂ! ਮੈਂ ਕਿਸ ਮਨੁੱਖ ਅੱਗੇ ਤੇਰੀ ਸਿਫਤ ਸਲਾਹ ਕਰਾਂ? (ਕਿਉਂਕਿ) ਮੈਨੂੰ ਤੇਰੇ ਬਿਨਾ ਦੂਜਾ ਕੋਈ ਦਿਸਦਾ ਹੀ ਨਹੀਂ। (ਇਸ ਲਈ) ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ ਮੈਨੂੰ ਅਪਣੀ ਰਜ਼ਾ ਵਿਚ ਰੱਖ। ਤਾਂ ਕਿ ਨਾਨਕ ਸਹਿਜ ਸੁਭਾਵਕ ਤੇਰੇ ਗਾਉਂਦਾ ਰਹੇ; ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸਹਿਜ ਅਵਸਥਾ ਵਿਚ ਪ੍ਰੇਮ ਨਾਲ ਤੇਰੇ ਗੁਣ ਗਾਉਂਦਾ ਰਹਾਂ।੮।੨।

ਪਦਾਰਥ = ਭੂਲਹਿ–ਭੁੱਲ ਜਾਂਦੇ ਹਨ। ਖਾਹਿ–ਖਾਂਦੇ ਹਨ। ਆਵਹਿ ਜਾਹਿ–ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ। ਭਉ–ਡਰ। ਰਹੇ ਸਮਾਇ–ਲੀਨ ਰਹਿੰਦੇ ਹਨ।੫। ਪੂਜਿ–ਪੂਜਦੇ ਹਨ। ਸਿਲਾ–ਪੱਥਰ ਦੀਆਂ ਮੂਰਤੀਆਂ। ਬਨ–ਜੰਗਲਾਂ ਵਿਚ। ਵਾਸਾ–ਨਿਵਾਸ ਕਰਦੇ ਹਨ। ਭਰਮਤ ਡੋਲਤ–ਭਟਕਦੇ ਫਿਰਦੇ ਹਨ। ਭਏ ਉਦਾਸਾ–ਤਿਆਗੀ ਹੋਏ। ਮਨਿ ਮੈਲੈ–ਮੈਲੇ ਮਨ ਨਾਲ। ਸੂਚਾ–ਸੁੱਚਾ। ਪਤਿ–ਇੱਜਤ। ਸੋਇ–ਉਹ।੬। ਆਚਾਰਾ–ਚੰਗਾ ਆਚਰਣ। ਸਰੀਰਿ–ਸਰੀਰ (ਜੀਵਨ)। ਆਦਿ ਜੁਗਾਦਿ–ਹਰ ਸਮੇਂ। ਸਹਜਿ–ਅਡੋਲਤਾ। ਪਲ ਪੰਕਜ ਮਹਿ–ਕਮਲ ਫੁੱਲ ਵਰਗੀ ਅੱਖ ਦੀ ਪਲਕ ਦੇ ਝਮਕਣ ਜਿੰਨੇ ਸਮੇਂ ਵਿਚ। ਕੋਟਿ–ਕ੍ਰੋੜਾਂ ਦਾ। ਉਧਾਰੇ–ਤਾਰ ਦਿੰਦਾ ਹੈ। ਪਿਆਰੇ–ਹੇ ਪਿਆਰੇ ਪ੍ਰਭੂ!।੭। ਤੁਧੁ–ਤੈਨੂੰ। ਸਾਲਾਹੀ–ਸਿਫਤ ਸਲਾਹ ਕਰਾਂ। ਕੋ–ਕੋਈ। ਭਾਵੈ–ਭਾਉਂਦਾ ਹੈ। ਰਜਾਇ–ਰਜ਼ਾ ਵਿਚ। ਸਹਜਿ ਭਾਇ–ਸਹਿਜ ਸੁਭਾਵਕ; ਆਤਮਕ ਪ੍ਰੇਮ ਨਾਲ; ਸਹਿਜ ਅਵਸਥਾ ਵਿਚ ਪ੍ਰੇਮ ਨਾਲ।੮।੨।

ਧਨਾਸਰੀ ਮਹਲਾ ੫ ਘਰੁ ੬ ਅਸਟਪਦੀ ੴ ਸਤਿਗੁਰ ਪ੍ਰਸਾਦਿ ॥ ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ, ਮਾਣਸ ਜਨਮੁ ਸੰਜੋਗਿ ਪਾਇਆ ॥ ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ, ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥ ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥ (ਹੇ ਭਾਈ!) ਜੋ ਜੋ ਜੀਵ ਜਿਸ ਜਿਸ ਜੂਨੀ ਵਿਚ ਆਇਆ ਹੈ, ਉਹ ਉਸ ਉਸ ਜੂਨੀ ਵਿਚ ਹੀ ਫਸਿਆ

ਹੋਇਆ ਹੈ (ਓਹੀ ਜੂਨ ਉਸ ਨੂੰ ਚੰਗੀ ਲਗਦੀ ਹੈ, ਪਰ ਕਿਸੇ ਵਿਰਲੇ ਨੇ) ਪਿਛਲੇ ਜਨਮਾਂ ਦੇ ਸੰਜੋਗ ਕਰਕੇ ਮਨੁੱਖਾ ਜਨਮ ਪਾਇਆ ਹੈ।ਹੇ ਸ੍ਰੇਸਟ ਗੁਰੂ! ਮੈਂ ਤੇਰੀ ਓਟ ਤੱਕੀ ਹੈ, ਅਪਣਾ ਹੱਥ ਦੇ ਕੇ (ਮੈਨੂੰ ਜੂਨਾਂ ਵਿਚ ਪੈਣ ਤੋਂ ਬਚਾ ਕੇ) ਰੱਖ ਲਵੋ ਅਤੇ ਕ੍ਰਿਪਾ ਕਰਕੇ ਮੈਨੂੰ ਹਰੀ ਰਾਜਾ ਮਿਲਾ ਦਿਓ।੧।(ਹੇ ਗੁਰੂ ਜੀ!) ਅਨੇਕਾਂ ਜਨਮਾਂ ਵਿਚ ਭਟਕ ਕੇ ਵੀ ਮੈਨੂੰ ਟਿਕਾਉ ਪ੍ਰਾਪਤ ਨਹੀਂ ਹੋਇਆ।

ਅੰਗ ੬੮੭ = ਕਰਉ ਸੇਵਾ ਗੁਰ ਲਾਗਉ ਚਰਨ, ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ਰਹਾਉ॥ ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ,ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥ ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ, ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥ ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ, ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥ ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ,ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥ ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ, ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥ ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ ,ਗਿਆਨ ਅੰਜਨਿ ਮੇਰ ਮਨੁ ਇਸਨਾਨੈ ॥੪॥ ਹੇ ਗੁਰੂ ਜੀ! ਮੈਂ ਆਪ ਜੀ ਦੇ ਚਰਨੀਂ ਲੱਗਾ ਹਾਂ ਅਤੇ (ਆਪ ਜੀ ਦੀ) ਸੇਵਾ ਕਰਦਾ ਹਾਂ, (ਬੇਨਤੀ ਹੈ ਕਿ ਮੈਨੂੰ) ਗੋਬਿੰਦ ਦੇ ਮਿਲਣੇ ਦਾ ਰਸਤਾ ਦਸ ਦਿਓ ਜੀ।੧।ਰਹਾਉ।ਮੈਂ ਮਾਇਆ (ਦੀ ਪ੍ਰਾਪਤੀ) ਲਈ ਅਨੇਕਾਂ ਜਤਨ ਕਰਦਾ ਹਾਂ ਤੇ ਚਿਤ ਵਿਚ (ਇਸ ਦਾ ਖਿਆਲ ਟਿਕਾਈ) ਰੱਖਦਾ ਹਾਂ, ਸਦਾ ਹੀ ਮੇਰੀ ਮੇਰੀ ਕਰਦਿਆਂ (ਮੇਰੀ) ਉਮਰ ਬੀਤਦੀ ਜਾਂਦੀ ਹੈ।ਹੇ ਭਾਈ! ਮੈਨੂੰ ਕੋਈ ਐਸਾ ਸੰਤ ਮਿਲੇ, ਜੋ ਮੇਰੀ ਸਾਰੀ ਚਿੰਤਾ ਉਤਾਰ ਦੇਵੇ ਅਤੇ ਪ੍ਰਭੂ ਨਾਲ ਮੇਰਾ ਪ੍ਰੇਮ ਲਗਾ ਦੇਵੇ।੨।ਹੇ ਭਾਈ! ਮੈਂ ਸਾਰੇ ਬੇਦ ਪੜ੍ਹੇ ਹਨ, ਪਰ ਮਨ ਦੇ ਭੇਦ ਦੂਰ ਨਹੀਂ ਹੋਏ, ਮੇਰੇ ਘਰ ਦੇ ਪੰਜ (ਕਾਮਾਦਿਕ) ਇਕ ਖਿਨ ਵੀ ਟਿਕਦੇ ਨਹੀਂ (ਮੈਨੂੰ ਸ਼ਾਂਤ ਨਹੀਂ ਹੋਣ ਦੇਂਦੇ)।ਹੇ ਭਾਈ! ਕੋਈ ਐਸਾ ਭਗਤ ਹੈ? ਜੋ ਮਾਇਆ ਤੋਂ ਬਿਨਾ ਹੋਵੇ, ਉਹ ਇਕ ਪ੍ਰਭੂ ਦਾ ਨਾਮ ਰੂਪ ਅੰਮ੍ਰਿਤ ਮੇਰੇ ਹਿਰਦੇ ਵਿਚ ਸਿੰਜ ਦੇਵੇ ।੩।ਹੇ ਭਾਈ! ਜਿੰਨੇ ਵੀ ਤੀਰਥਾਂ ਤੇ ਇਸ਼ਨਾਨ ਕੀਤੇ, ਹੰਕਾਰ ਵਾਲੀ ਬੁੱਧੀ ਹੋਣ ਕਰਕੇ (ਉਹ ਇਸ਼ਨਾਨ) ਮੈਲ ਹੀ ਲਾਉਂਦੇ ਰਹੇ ਹਨ, ਹਿਰਦੇ ਦਾ ਮਾਲਕ ਪ੍ਰਭੂ (ਅਜੇਹੇ ਫੋਕਟ ਕਰਮਾਂ ਨੂੰ) ਇਕ ਤਿਲ ਮਾਤ੍ਰ ਵੀ ਨਹੀਂ ਮੰਨਦਾ।ਹੁਣ ਮੈਂ ਸਾਧ ਸੰਗ ਕਦੋਂ ਪ੍ਰਾਪਤ ਕਰਾਂ, ਜਿਥੇ ਹਰੀ ਦੇ ਨਾਮ ਦਾ ਸਦਾ ਅਨੰਦ ਮਾਣਦਾ ਰਹਾਂ ਅਤੇ ਗਿਆਨ ਦੇ ਸੁਰਮੇ ਨਾਲ ਮੇਰਾ ਮਨ ਪਵਿਤ੍ਰ ਹੋ ਜਾਵੇ; ਗਿਆਨ ਦੇ ਸੁਰਮੇ ਨਾਲ ਮੇਰੀਆਂ ਅੰਨ੍ਹੀਆਂ ਅੱਖਾਂ ਦੇਖਣ ਲਗ ਜਾਣ ਅਤੇ ਮਨ (ਸਾਧ ਸੰਗਤ ਰੂਪ ਤੀਰਥ ਤੇ) ਇਸ਼ਨਾਨ ਕਰੇ (ਟਕਸਾਲ)।੪।

ਪਦਾਰਥ = ਜੋਨੀ-ਜੂਨਾਂ ਵਿਚ।ਤਿਹ ਤਿਹ-ਉਸ ਉਸ (ਜੂਨ ਵਿਚ)।ਉਰਝਾਇਓ-ਫਸਿਆ ਹੋਇਆ ਹੈ।ਮਾਣਸ ਜਨਮ-ਮਨੁੱਖਾ ਜਨਮ।ਸੰਜੋਗਿ-ਪਿਛਲੇ ਜਨਮਾਂ ਦੇ ਕੀਤੇ ਕਰਮਾਂ ਕਰਕੇ; ਭਾਗਾਂ ਨਾਲ।ਤਾਕੀ-ਤੱਕੀ ਹੈ।ਸਾਧ-ਹੇ ਸ੍ਰੇਸਟ ਗੁਰੂ!।ਦੇ ਕਰਿ-ਦੇ ਕੇ। ਹਰਿ ਰਾਇਆ-ਹਰੀ ਰਾਜਾ।੧।ਭ੍ਰਮਿ-ਭਟਕ ਕੇ।ਥਿਤਿ-ਟਿਕਾਉ।ਕਰਉ-ਕਰਦਾ ਹਾਂ।ਲਾਗਉ ਚਰਨ-ਚਰਨੀਂ ਲਗਾ ਹਾਂ।ਮਾਰਗੁ-ਰਸਤਾ।ਦੇਹੁ ਜੀ ਬਤਾਈ-ਦਸ ਦਿਓ ਜੀ।੧।ਰਹਾਉ।ਉਪਾਵ-ਜਤਨ।ਕਉ-ਲਈ।ਬਚਿਤਿ-ਚਿੱਤ ਵਿਚ (ਬ-ਵਿਚ)।ਧਰਉ-ਰੱਖਦਾ ਹਾਂ।ਕਰਤ-ਕਰਦਿਆਂ।ਸਦ ਹੀ-ਸਦਾ ਹੀ।ਵਿਹਾਵੈ-ਬੀਤਦੀ ਜਾਂਦੀ ਹੈ।ਰੇ-ਹੇ ਭਾਈ!।ਭੇਟੈ-ਮਿਲ ਪਵੇ।ਜੁ-ਜੋ।ਲਾਹੈ-ਉਤਾਰ (ਦੂਰ ਕਰ) ਦੇਵੇ।ਸਗਲ-ਸਾਰੀ।ਠਾਕੁਰ ਸਿਉ-ਪ੍ਰਮਾਤਮਾ ਨਾਲ।ਰੰਗੁ ਲਾਵੈ-ਪ੍ਰੇਮ ਲਗਾ ਦੇਵੇ।੨।ਨਹ ਚੂਕੈ-ਦੂਰ ਨਹੀਂ ਹੋਈ।ਮਨ ਭੇਦ-ਮਨ ਦੀ ਰੱਬ ਤੋਂ ਦੂਰੀ (ਜੁਦਾਈ)।ਇਕੁ ਖਿਨੁ-ਇਕ ਪਲ।ਨ ਧੀਰਹਿ-ਟਿਕਦੇ ਨਹੀਂ; ਸ਼ਾਂਤ ਨਹੀਂ ਹੁੰਦੇ।ਘਰ ਕੇ ਪੰਚਾ-ਮਨ ਦੇ ਵਿਚ ਰਹਿਣ ਵਾਲੇ ਪੰਜ ਕਾਮਾਦਿਕ।ਤੇ-ਤੋਂ।ਰਹਤ-ਨਿਆਰਾ; ਬਿਨਾ।ਰਿਦੈ ਸਿੰਚਾ-ਹਿਰਦੇ ਵਿਚ ਸਿੰਜ ਦੇਵੇ।੩।ਜੇਤੇ -ਜਿੰਨੇ ਵੀ।ਨਾਏ-ਨ੍ਹਾਤੇ (ਇਸ਼ਨਾਨ ਕੀਤੇ)।ਅਹੰਬੁਧਿ-ਹੰਕਾਰ ਵਾਲੀ ਬੁੱਧੀ ਹੋਣ ਕਰਕੇ।ਘਰ ਕੋ ਠਾਕੁਰੁ-ਹਿਰਦੇ ਦਾ ਮਾਲਕ ਪ੍ਰਭੂ। ਇਕ ਤਿਲੁ-ਇਕ ਤਿਲ ਮਾਤ੍ਰ ਵੀ।ਨ ਮਾਨੈ-ਨਹੀਂ ਮੰਨਦਾ; ਪ੍ਰਸੰਨ ਨਹੀਂ ਹੁੰਦਾ।ਕਦਿ-ਕਦੋਂ।ਪਾਵਉ-ਪ੍ਰਾਪਤ ਕਰਾਂ।ਅੰਜਨਿ-ਸੁਰਮੇ ਨਾਲ।ਮਨੁ ਇਸਨਾਨੈ-ਮਨ ਪਵਿਤ੍ਰ ਹੋ ਜਾਵੇ; ਮਨ ਇਸ਼ਨਾਨ ਕਰਦਾ ਰਹੇ।੪।

ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ, ਬਿਬੇਕ ਹੀਨ ਦੇਹੀ ਧੋਏ ॥ ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ, ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥ ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ, ਗਰਬਿ ਗਰਬਿ ਪੜੈ ਕਹੀ ਨ ਲੇਖੈ ॥ ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ, ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥ ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ, ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ ਕੋਈ ਐਸੋ ਰੇ ਸੁਖਹਦਾਈ ਪ੍ਰਭ ਕੀ ਕਥਾ ਸੁਨਾਈ, ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥ ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ, ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥ ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ,ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥ ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥੧॥ਰਹਾਉ ਦੂਜਾ॥੧॥੩॥ (ਹੇ ਭਾਈ!) ਮੈਂ ਸਾਰੇ ਆਸ਼੍ਰਮਾਂ ਦੇ ਧਰਮ ਧਾਰਨ ਕੀਤੇ, ਪਰ ਮਨ ਦੀ ਤਸੱਲੀ ਨਹੀ ਹੋਈ, ਵਿਚਾਰਹੀਣ ਮਨੁੱਖ (ਤੀਰਥਾਂ ਉਤੇ) ਦੇਹੀ ਧੋਈ ਜਾਂਦੇ ਹਨ (ਪਰ ਮਨ ਮੈਲਾ ਰਹਿੰਦਾ ਹੈ)।ਹੇ ਭਾਈ! ਪਾਰਬ੍ਰਹਮ ਦੇ ਰੰਗ ਵਿਚ ਰੰਗਿਆ ਕੋਈ ਮਹਾਂ ਪੁਰਖ ਪ੍ਰਾਪਤ ਹੋ ਜਾਵੇ, ਜੋ ਮੇਰੇ ਮਨ ਦੀ ਭੈੜੀ ਮੱਤ ਵਾਲੀ ਮੈਲ ਦੂਰ ਕਰ ਦੇਵੇ।੫।(ਹੇ ਭਾਈ! ਜੋ ਮਨੁੱਖ) ਧਰਮ ਦੇ ਕਰਮਾਂ ਵਿਚ ਜੁੜਿਆ ਹੋਇਆ ਇਕ ਖਿਨ ਭਰ ਵੀ ਹਰੀ ਨਾਲ ਪ੍ਰੇਮ ਨਹੀਂ ਕਰਦਾ ਅਤੇ (ਮਨ ਤੇ ਤਨ ਕਰਕੇ) ਹੰਕਾਰ ਵਿਚ ਪਿਆ ਰਹਿੰਦਾ

ਹੈ, (ਅਜੇਹੇ ਮਨੁੱਖ ਦੇ ਧਰਮ ਕਰਮ) ਕਿਸੇ ਗਿਣਤੀ ਵਿਚ ਨਹੀਂ (ਨਿਸਫਲ) ਹਨ। ਜਿਸ ਮਨੁੱਖ ਨੂੰ ਸਾਰੇ ਫਲ ਦੇਣ ਵਾਲਾ (ਜਾਂ ਗੁਣਾਂ ਨਾਲ ਫਲਿਆ) ਸਤਿਗੁਰੂ ਪੁਰਖ ਮਿਲ ਜਾਂਦਾ ਹੈ, (ਉਹ) ਸਦਾ ਪ੍ਰਭੂ ਦਾ ਜਸ ਕਰਦਾ ਹੈ, ਗੁਰੂ ਦੀ ਕਿਰਪਾ ਨਾਲ ਕੋਈ ਵਿਰਲਾ ਮਨੁੱਖ ਪ੍ਰਭੂ ਨੂੰ ਦੈਵੀ ਅੱਖਾਂ ਨਾਲ ਦੇਖਦਾ ਹੈ।੬। ਹੇ ਭਾਈ! ਮਨ ਵਿਚ ਮਾਇਆ ਦੀ ਇੱਛਾ ਰੱਖਣ ਵਾਲਾ ਜੋ ਮਨੁੱਖ ਬਗਲੇ ਵਾਂਗ ਧਿਆਨ ਲਾਉਂਦਾ ਹੈ ਅਤੇ ਮਨ ਦੇ ਹਠ ਨਾਲ (ਧਾਰਮਕ) ਕਰਮ ਕਰਦਾ ਹੈ, (ਉਸ ਦੇ ਅਜੇਹੇ ਕਰਮ ਪ੍ਰਭੂ) ਤਿਲ ਭਰ ਵੀ ਕਿਸੇ ਗਿਣਤੀ ਵਿਚ ਨਹੀਂ ਪਾਉਂਦਾ (ਪ੍ਰਵਾਨ ਨਹੀਂ ਕਰਦਾ)। ਹੇ ਭਾਈ! ਕੋਈ ਐਸਾ ਸੁਖ ਦੇਣ ਵਾਲਾ ਪੁਰਖ ਹੈ? (ਜੋ ਮੈਨੂੰ) ਪ੍ਰਭੂ ਦੀ ਕਥਾ ਸੁਣਾਵੇ, ਉਸ ਨੂੰ ਮਿਲ ਕੇ ਸਾਡੀ ਮੁਕਤੀ ਹੋਵੇਗੀ।੭। ਹੇ ਭਾਈ! ਮੇਰਾ ਮਨ ਗੁਰੂ ਦੇ ਸ਼ਬਦ ਵਿਚ ਰੰਗਿਆ ਗਿਆ ਹੈ, (ਸ਼ਬਦ ਦੀ ਬਰਕਤ ਨਾਲ) ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ ਪਾਤਸ਼ਾਹ (ਮੇਰੇ ਉਪਰ) ਬਹੁਤ ਪ੍ਰਸੰਨ ਹੋਇਆ ਹੈ, (ਉਸ ਨੇ ਮੇਰੇ) ਮਾਇਆ ਦੇ ਬੰਧਨ ਕੱਟ ਦਿਤੇ ਹਨ। ਮੈਨੂੰ ਨਿਰਭਉ ਗੋਬਿੰਦ ਮਿਲ ਪਿਆ ਹੈ, (ਜਿਸ ਦੀ ਬਰਕਤ ਨਾਲ) ਸਦਾ ਵਾਸਤੇ ਅਨੰਦ ਬਣਿਆ ਰਹਿੰਦਾ ਹੈ, ਹਰੀ ਦੇ ਚਰਨਾਂ ਵਿਚ ਪੈ ਕੇ ਨਾਨਕ ਨੂੰ ਸਾਰੇ ਸੁਖ ਲੱਭ ਪਏ ਹਨ।੮। (ਹੇ ਭਾਈ! ਹੁਣ ਮੇਰੀ) ਜੀਵਨ ਯਾਤਰਾ ਮਨ ਬਾਣੀ ਤੇ ਸਰੀਰ ਕਰਕੇ ਸਫਲ ਹੋ ਗਈ ਹੈ (ਸੰਸਾਰ ਵਿਚ ਲਿਆ ਮਨੁੱਖਾ ਜਨਮ ਸਫਲ ਹੋ ਗਿਆ ਹੈ)। ਸ੍ਰੇਸਟ ਗੁਰੂ ਨੂੰ ਮਿਲ ਕੇ (ਮੇਰੇ) ਆਉਣ ਜਾਣ (ਜਨਮ ਮਰਨ) ਦੇ ਗੇੜ ਮੁੱਕ ਗਏ ਹਨ।੧। ਰਹਾਉ ਦੂਜਾ।੧।੩।

ਪਦਾਰਥ = ਸਗਲ ਅਸ੍ਰਮ–ਸਾਰੇ (ਚਾਰ) ਆਸ਼੍ਰਮਾਂ ਦੇ (ਬ੍ਰਹਮਚਰਜ, ਗ੍ਰਿਹਸਤ, ਬਾਨ ਪ੍ਰਸਤ ਅਤੇ ਸੰਨਿਆਸ) ਧਰਮ। ਕੀਨੇ–ਕੀਤੇ। ਮਨੂਆ–ਮਨ। ਨਹ ਪਤੀਨੇ–ਪਤੀਜਿਆ ਨਹੀਂ (ਤਸੱਲੀ ਨਹੀਂ ਹੋਈ)। ਬਿਬੇਕਹੀਨ–ਵਿਚਾਰਹੀਣ। ਦੇਹੀ–ਸਰੀਰ। ਰੇ–ਹੇ ਭਾਈ!। ਪੁਰਖ ਬਿਧਾਤਾ–ਹਰੀ ਦਾ ਰੂਪ ਮਹਾਂ ਪੁਰਖ। ਕੈ–ਦੇ। ਰੰਗਿ ਰਾਤਾ–ਪ੍ਰੇਮ ਵਿਚ ਰੰਗਿਆ ਹੋਇਆ। ਦੁਰਮਤਿ–ਭੈੜੀ ਮੱਤ। ਖੋਏ–ਦੂਰ ਕਰ ਦੇਵੇ।੫। ਕਰਮ ਧਰਮ–ਧਾਰਮਕ ਕਰਮ। ਜੁਗਤਾ–ਜੁੜਿਆ ਹੋਇਆ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਹੇਤ–ਪ੍ਰੇਮ। ਨ ਕਰਤਾ–ਨਹੀਂ ਕਰਦਾ। ਗਰਬਿ–ਹੰਕਾਰ ਵਿਚ। ਪੜੈ–ਪਿਆ ਹੈ। ਕਹੀ–ਕਿਸੇ। ਨ ਲੇਖੈ–ਗਿਣਤੀ ਵਿਚ ਨਹੀਂ। ਜਿਸੁ–ਜਿਸ ਨੂੰ। ਭੇਟੀਐ–ਮਿਲ ਜਾਂਦਾ ਹੈ। ਸਫਲ ਮੂਰਤਿ–ਸਾਰੇ ਫਲ ਦੇਣ ਵਾਲਾ ਸਤਿਗੁਰੂ ਪੁਰਖ। ਕੀਰਤਿ–ਸਿਫਤ ਸਲਾਹ। ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਕੋਊ–ਕੋਈ। ਨੇਤ੍ਰਹੁ–ਅੱਖਾਂ ਨਾਲ। ਪੇਖੈ–ਦੇਖਦਾ ਹੈ।੬। ਮਨ ਹਠਿ–ਮਨ ਦੇ ਹਠ ਨਾਲ। ਕਮਾਵੈ–(ਕਰਮ) ਕਰਦਾ ਹੈ। ਤਿਲੁ–ਤਿਲ ਮਾਤ੍ਰ। ਨ ਲੇਖੈ ਪਾਵੈ–ਗਿਣਤੀ ਵਿਚ ਨਹੀਂ ਪਾਉਂਦਾ। ਬਗੁਲ–ਬਗਲਾ। ਜਿਉ–ਵਾਂਗ। ਮਾਇਆ ਧਾਰੀ–ਮਨ ਵਿਚ ਮਾਇਆ ਦੀ ਇੱਛਾ ਰੱਖਣ ਵਾਲਾ ਮਨੁੱਖ।੭। ਸੁਪ੍ਰਸੰਨ–ਬਹੁਤ ਪ੍ਰਸੰਨ। ਗੋਪਾਲ ਰਾਇ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ ਪਾਤਸ਼ਾਹ। ਮਾਇ–ਮਾਇਆ ਦੇ। ਕੈ–ਦੇ। ਸਬਦਿ–ਸ਼ਬਦ ਵਿਚ। ਰਾਤਾ–ਰੰਗਿਆ ਗਿਆ। ਭੇਟਿਓ–ਮਿਲ ਪਿਆ। ਨਿਰਭੈ–ਡਰ ਤੋਂ ਰਹਿਤ। ਲਾਧੇ–ਪ੍ਰਾਪਤ ਹੋ ਗਏ; ਲੱਭ ਪਏ। ਪਰਾਤਾ–ਪੈ ਕੇ; ਪ੍ਰੋਇਆ; ਅਤਿਅੰਤ ਪ੍ਰੀਤਵਾਨ ਹੋਣ ਕਰਕੇ।੮। ਭਈ–ਹੋ ਗਈ ਹੈ। ਜਾਤ੍ਰਾ–(ਮਨੁੱਖਾ ਜਨਮ ਦੀ) ਯਾਤਰਾ। ਆਵਣ ਜਾਣ–ਜਨਮ ਮਰਨ ਦੇ ਗੇੜ। ਰਹੇ–ਮੁਕ ਗਏ। ਸਾਧਾ–ਸ੍ਰੇਸਟ ਗੁਰੂ।੧। ਰਹਾਉ ਦੂਜਾ।੧।੩।

ਉਥਾਨਕਾ = ਇਕ ਪ੍ਰੇਮੀ ਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕਿ ਥਾਨੇਸਰ (ਕੁਰੂਕ੍ਸ਼ੇਤ੍ਰ) ਵਿਖੇ ਬੜਾ ਭਾਰੀ ਮੇਲਾ ਲੱਗਾ ਹੈ, ਜਿਥੇ ਦਸ ਪੁਰਬ ਇਕੱਠੇ ਹੋਏ ਹਨ। ਚਲੋ ਆਪਾਂ ਵੀ ਇਸ਼ਨਾਨ ਕਰ ਆਈਏ। ਸੁਣ ਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਧਨਾਸਰੀ ਮਹਲਾ ੧ ਛੰਤ ੴ ਸਤਿਗੁਰ ਪ੍ਰਸਾਦਿ ॥ ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ,ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ,ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ,ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ,ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ,ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ, ਕਿਸ ਕਉ ਰੋਈਐ ॥ (ਹੇ ਭਾਈ! ਜਿਸ) ਤੀਰਥ ਤੇ ਮੈਂ ਨ੍ਹਾਉਣ ਜਾਂਦਾ ਹਾਂ, (ਉਹ) ਤੀਰਥ ਪ੍ਰਭੂ ਦਾ ਨਾਮ ਹੈ। (ਗੁਰੂ ਦੇ) ਸ਼ਬਦ ਦੀ ਵਿਚਾਰ ਅਤੇ ਮਨ ਦੇ ਅੰਦਰ (ਗੁਰੂ ਦਾ ਬਖਸ਼ਿਆ) ਗਿਆਨ (ਮੇਰੇ ਲਈ ਸਭ ਤੋਂ ਵੱਡਾ) ਤੀਰਥ ਹੈ। ਗੁਰੂ ਦਾ ਦਿਤਾ ਗਿਆਨ ਸੱਚਾ ਤੀਰਥ ਅਸਥਾਨ ਹੈ, ਜਿੱਥੇ ਦਸ ਪੁਰਬਾਂ ਦਾ ਦਸਹਿਰਾ ਸਦਾ ਲੱਗਾ ਰਹਿੰਦਾ ਹੈ। ਮੈਂ ਸਦਾ ਹਰੀ ਦਾ ਨਾਮ ਮੰਗਦਾ ਹਾਂ, ਹੇ ਪ੍ਰਿਥਵੀ ਨੂੰ ਧਾਰਨ ਵਾਲੇ ਪ੍ਰਭੂ! (ਕ੍ਰਿਪਾ ਕਰਕੇ ਮੈਨੂੰ ਅਪਣਾ ਨਾਮ) ਦੇਵੋ। ਸੰਸਾਰ (ਵਿਕਾਰਾਂ ਵਿਚ ਪਿਆ) ਰੋਗੀ ਹੈ, ਨਾਮ (ਇਸ ਰੋਗ ਦੀ) ਦਵਾ ਹੈ, ਸੱਚੇ ਪ੍ਰਭੂ ਦਾ ਨਾਮ ਜਪੇ ਬਿਨਾ (ਇਸ ਨੂੰ ਵਿਕਾਰਾਂ ਦੀ) ਮੈਲ ਲਗਦੀ ਹੈ। ਗੁਰੂ ਦਾ ਪਵਿਤ੍ਰ ਵਾਕ (ਮਨੁੱਖ ਨੂੰ) ਸਦਾ ਚਾਨਣ ਦੇਂਦਾ ਹੈ, (ਇਹ) ਨਿੱਤ ਦਾ ਸੱਚਾ ਤੀਰਥ ਇਸ਼ਨਾਨ ਹੈ।੧। ਸੱਚੇ ਪ੍ਰਭੂ ਦੇ ਨਾਮ ਵਿਚ ਜੁੜਿਆਂ (ਮਨ ਨੂੰ) ਮੈਲ ਨਹੀਂ ਲਗਦੀ, (ਫਿਰ ਤੀਰਥਾਂ ਤੇ ਜਾ ਕੇ) ਮੈਲ ਨੂੰ ਕੀ ਧੋਣਾ ਹੈ? (ਮੈਲ ਧੋਣ ਦੀ ਲੋੜ ਨਹੀਂ ਰਹਿੰਦੀ। ਜਦ) ਗੁਣਾਂ ਦਾ ਹਾਰ ਪਰੋ ਕੇ ਗਲ ਵਿਚ ਪਾ ਲਿਆ ਹੈ, ਤਾਂ ਫਿਰ ਕਿਸ ਨੂੰ ਰੋਣਾ ਹੈ? (ਫਿਰ ਕੋਈ ਗੱਲ ਅਫਸੋਸ ਕਰਨ ਵਾਲੀ ਨਹੀਂ ਰਹਿ ਜਾਂਦੀ। ਅਫਸੋਸ ਤਾਂ ਕਰੀਦਾ ਹੈ, ਜੇ ਔਗਣ ਕਰੀਏ, ਜਾਂ ਗੁਣ ਨਾ ਹੋਣ)।

ਅੰਗ ੬੮੮ = ਵੀਚਾਰਿ ਮਾਰੈ ਤਰੈ ਤਾਰੈ, ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ, ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ, ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ, ਮੈਲੁ ਨਾਹੀ ਸਚ ਮਨੇ ॥੨॥

(ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ) ਵੀਚਾਰ ਦੁਆਰਾ (ਮਨ ਦੀਆਂ ਵਾਸ਼ਨਾਵਾਂ ਨੂੰ) ਮਾਰ ਲੈਂਦਾ ਹੈ, (ਉਹ ਭਵਜਲ ਤੋਂ ਆਪ ਵੀ) ਤਰ ਜਾਂਦਾ ਹੈ ਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ ਅਤੇ ਫਿਰ ਮੁੜ ਜੋਨੀਆਂ ਵਿਚ ਨਹੀਂ ਆਉਂਦਾ।(ਅਜੇਹਾ ਮਨੁੱਖ) ਆਪ ਪਾਰਸ ਤੇ ਮਹਾਨ ਧਿਆਨੀ ਬਣ ਜਾਂਦਾ ਹੈ, ਉਹ ਸੱਚਾ ਪੁਰਖ ਸੱਚੇ ਪ੍ਰਭੂ ਨੂੰ ਚੰਗਾ ਲਗਦਾ ਹੈ।(ਉਸ ਦੇ ਅੰਦਰ) ਹਰ ਰੋਜ ਅਨੰਦ ਤੇ ਸੱਚੀ ਖੁਸ਼ੀ ਬਣੀ ਰਹਿੰਦੀ ਹੈ, (ਉਹ ਅਪਨੇ) ਦੁਖ ਤੇ ਪਾਪ ਦੂਰ ਕਰ ਲੈਂਦਾ ਹੈ।(ਜਿਸ ਪੁਰਖ ਨੇ) ਸੱਚਾ ਨਾਮ ਪ੍ਰਾਪਤ ਕਰ ਲਿਆ ਹੈ, ਗੁਰੂ ਨੇ (ਉਸ ਨੂੰ ਪ੍ਰਭੂ) ਦਿਖਾ ਦਿਤਾ ਹੈ, (ਉਸ ਦੇ) ਸੱਚੇ ਮਨ ਨੂੰ ਵਿਕਾਰਾਂ ਦੀ ਮੈਲ ਨਹੀਂ ਲਗਦੀ।੨।

ਪਦਾਰਥ = ਤੀਰਥਿ–ਤੀਰਥ ਉਤੇ।ਜਾਉ–ਜਾਂਦਾ ਹਾਂ।ਅੰਤਰਿ–ਮਨ ਦੇ ਅੰਦਰ।ਥਾਨੁ–ਅਸਥਾਨ (ਥਾਨੇਸਰ)।ਦਸਾਹਰਾ–ਦਸ ਪਾਪ ਨਾਸ਼ ਕਰਨ ਵਾਲਾ ਪੁਰਬ।ਜਾਚਉ–ਮੰਗਦਾ ਹਾਂ।ਦੇਹੁ–ਦੇਵੋ।ਧਰਣੀਧਰਾ–ਹੇ ਧਰਤੀ ਨੂੰ ਧਾਰਣ ਵਾਲੇ!।ਵਾਕੁ–ਬਚਨ (ਸ਼ਬਦ)। ਨਿਰਮਲੁ–ਪਵਿਤ੍ਰ।ਨਿਤ–ਹਰ ਰੋਜ ਦਾ।ਮਜਨਾ–ਇਸ਼ਨਾਨ।੧।ਸਾਚਿ–ਸੱਚੇ ਪ੍ਰਭੂ ਦੇ ਨਾਮ ਵਿਚ ਜੁੜਿਆਂ।ਗੁਣਹਿ ਹਾਰੁ–ਗੁਣਾਂ ਦਾ ਹਾਰ।ਪਰੋਇ–ਪਰੋ ਕੇ।ਕਿਸ ਕਉ–ਕਿਸ ਨੂੰ।ਰੋਈਐ–ਰੋਈਏ।ਮਾਰੈ–(ਮਨ ਦੀਆਂ ਵਾਸ਼ਨਾਵਾਂ ਨੂੰ) ਮਾਰ ਲੈਂਦਾ ਹੈ।ਉਲਟਿ–ਮੁੜ ਕੇ।ਜੋਨਿ–ਜੋਨੀਆਂ ਵਿਚ।ਪਾਰਸ–ਲੋਹੇ ਨੂੰ ਸੋਨਾ ਬਣਾ ਦੇਣ ਵਾਲੀ ਪੱਥਰ ਇਕ ਬੱਟੀ (ਸੱਚਾ ਪੁਰਖ ਅਪਣੀ ਸੰਗਤ ਨਾਲ ਹੋਰਨਾਂ ਨੂੰ ਵੀ ਸੱਚਾ ਬਣਾ ਦੇਂਦਾ ਹੈ)।ਪਰਮ ਧਿਆਨੀ–ਬਹੁਤ ਉਚੀ ਸੁਰਤ ਦਾ ਮਾਲਕ।ਭਾਵਏ–ਚੰਗਾ ਲਗਦਾ ਹੈ।ਅਨਦਿਨੁ–ਹਰ ਰੋਜ।ਹਰਖੁ–ਖੁਸ਼ੀ।ਕਿਲਵਿਖ–ਪਾਪ।ਪਰਹਰੇ–ਦੂਰ ਕਰਦਾ ਹੈ।ਗੁਰਿ–ਗੁਰੂ ਨੇ।ਸਚ ਮਨੇ–ਸੱਚੇ ਮਨ ਨੂੰ; ਸੱਚ ਦੇ ਮੰਨਣ ਵਾਲੇ ਨੂੰ।੨।

ਦਸ ਪੁਰਬ = ੧. ਹਿੰਦੂ ਧਰਮ ਵਿਚ ਦਸ ਪ੍ਰਮੁਖ ਤਿਉਹਾਰ (ਸੰਗ੍ਰਾਂਦ, ਪੁੰਨਿਆ, ਮੱਸਿਆ, ਅਸ਼ਟਮੀ, ਚੌਦੇ, ਚੰਦ ਗ੍ਰਹਿਣ ਤੇ ਸੂਰਜ ਗ੍ਰਹਿਣ, ਉਤਰਾਇਣ, ਦਖਨਾਇਣ ਤੇ ਚਾਨਣ ਪੱਖ ਦਾ ਐਤਵਾਰ)।ਦਸਹਿਰੇ ਵਾਲੇ ਦਿਨ ਦਸ ਪੁਰਬ ਕੱਠੇ ਹੁੰਦੇ ਹਨ, ਹਿੰਦੂ ਲੋਕ ਇਸ ਦਿਨ ਇਸ਼ਨਾਨ ਕਰਨ ਦਾ ਬੜਾ ਮਹਾਤਮ ਸਮਝਦੇ ਹਨ।ਜੇਠ ਸ਼ੁਦੀ ਦਸਮੀ, ਜਦੋਂ ਦਸ ਪਾਪ ਹਰਨ ਵਾਲੀ ਗੰਗਾ ਦਾ ਜਨਮ ਹੋਇਆ ਮੰਨਿਆ ਜਾਂਦਾ ਹੈ।੨. ਗੁਰਮੁਖਾਂ ਲਈ ਸਤਸੰਗਤ ਦਸਹਿਰਾ ਹੈ, ਜਿਥੇ ਉਹ ਦਸ ਇੰਦ੍ਰੇ ਵਸ ਵਿਚ ਕਰਦੇ ਹਨ।

ਦਸ ਪਾਪ = ੧. ਸਰੀਰ ਦੇ ਪਾਪ (ਹਿੰਸਾ, ਚੋਰੀ ਤੇ ਪਰ ਇਸਤ੍ਰੀ ਗਮਨ)।੨. ਬਾਣੀ ਦੇ ਪਾਪ (ਝੂਠ ਬੋਲਣਾ, ਫਿੱਕਾ ਬੋਲਣਾ, ਚੁਗਲੀ ਕਰਨੀ, ਅਨੱਰਥ ਬੋਲਣਾ ਭਾਵ ਨਿੰਦਿਆ ਕਰਨੀ)।੩. ਮਨ ਦੇ ਪਾਪ (ਪਰਾਏ ਧਨ ਦੇ ਗ੍ਰਹਿਣ ਕਰਨ ਦੀ ਇੱਛਾ, ਦੂਜੇ ਦਾ ਧਨ ਦੇਖ ਕੇ ਸੜਨਾ ਤੇ ਕਿਸੇ ਦਾ ਬੁਰਾ ਚਿਤਵਨਾ) ਕੁਲ ਦਸ ਪਾਪ ਹਨ।(ਗੁਰਮਤ ਨਿਰਨੇ ਸਾਗਰ, ਪੰ. ਤਾਰਾ ਸਿੰਘ ਨਰੋਤਮ)।

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ,ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ, ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ, ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤ ਸੰਗਤਿ, ਕਰਿ ਨਦਰਿ ਮੇਲਿ ਮਿਲਾਇਆ ॥੩॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ, ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ, ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ, ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ, ਮਨੁ ਮਾਂਜੈ ਸਚੁ ਸੋਈ ॥੮॥੧॥ (ਹੇ ਭਾਈ!) ਸਾਧ ਸੰਗਤ ਵਿਚ ਮਿਤ੍ਰ ਪ੍ਰਭੂ ਦਾ ਮਿਲਾਪ ਹੋਣਾ ਪੂਰਾ ਇਸ਼ਨਾਨ ਹੈ।(ਸਾਧ ਸੰਗਤ ਵਿਚ ਜਿਹੜਾ) ਗਾਉਣ ਵਾਲਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਸ ਦਾ ਜੀਵਨ) ਸੋਹਣਾ ਹੋ ਜਾਂਦਾ ਹੈ। (ਹੇ ਭਾਈ!) ਸਤਿਗੁਰੂ ਨੂੰ ਮੰਨਣਾ (ਪੂਜਣਾ) ਤੇ ਸੱਚੇ ਪ੍ਰਭੂ ਨੂੰ ਸਲਾਹੁਣਾ, ਇਹੋ ਪੁੰਨ ਦਾਨ ਅਤੇ ਦਇਆ ਵਾਲੀ ਬੁੱਧੀ ਹੈ।(ਜਿਸ ਮਨੁੱਖ ਨੂੰ) ਪ੍ਰਭੂ ਪਤੀ ਦੀ ਸੰਗਤ ਵਿਚ ਰਹਿਣਾ ਚੰਗਾ ਲਗਦਾ ਹੈ, ਉਹ ਸੁਤੇ ਹੀ ਆਤਮ ਤੀਰਥ ਤੇ ਨ੍ਹਾਉਂਦਾ ਹੈ, ਨਿਸਚੇ ਕਰਕੇ ਇਹੋ ਸ੍ਰੇਸਟ ਤੋਂ ਸ੍ਰੇਸਟ ਤ੍ਰਿਬੇਣੀ ਦੇ ਸੰਗਮ ਦਾ ਇਸ਼ਨਾਨ ਹੈ।(ਹੇ ਭਾਈ!) ਇਕ ਸੱਚੇ ਓਅੰਕਾਰ ਨੂੰ ਸਿਮਰ, (ਉਹ ਸਭ ਨੂੰ ਦਾਨ) ਦੇਂਦਾ ਹੈ, ਜੋ ਹਰ ਰੋਜ ਸਵਾਇਆ ਚੜ੍ਹਦਾ (ਵਧਦਾ) ਹੈ।ਮੁਕਤੀ ਹਰੀ ਮਿਤ੍ਰ ਦੀ ਸੰਗਤ ਅਤੇ ਸੰਤਾਂ ਦੀ ਸੰਗਤ ਵਿਚੋਂ ਮਿਲਦੀ ਹੈ, (ਪ੍ਰਭੂ ਨੇ ਆਪ ਹੀ) ਮੇਹਰ ਦੀ ਨਜਰ ਕਰਕੇ (ਸੰਤਾਂ ਦੀ ਸੰਗਤ ਵਿਚ) ਮਿਲਾ ਕੇ ਅਪਣੇ ਨਾਲ ਮਿਲਾ ਲਿਆ ਹੈ; (ਸੰਤਾਂ ਨੇ) ਕ੍ਰਿਪਾ ਦ੍ਰਿਸਟੀ ਕਰਕੇ ਪ੍ਰਭੂ ਦੇ ਮੇਲ ਵਿਚ ਮਿਲਾ ਦਿਤਾ ਹੈ।੩।(ਹੇ ਭਾਈ! ਪ੍ਰਭੂ ਦੀ ਵਡਿਆਈ ਦਾ) ਵਖਿਆਨ ਸਭ ਕੋਈ ਕਥਨ ਕਰਦਾ ਹੈ, (ਪਰ ਉਸ ਨੂੰ) ਕਿੰਨਾ ਵੱਡਾ ਆਖੀਏ? ਮੈਂ ਮੂਰਖ, ਨੀਚ ਤੇ ਅਣਜਾਣ ਹਾਂ, (ਪਰ ਗੁਰੂ ਦੀ) ਸਿਖਿਆ ਨਾਲ ਸਮਝ ਸਕਦਾ ਹਾਂ ।ਗੁਰੂ ਦੀ ਉਚਾਰੀ ਹੋਈ ਅੰਮ੍ਰਿਤ ਮਈ ਜੋ ਸੱਚੀ ਸਿੱਖਿਆ ਹੈ, ਉਸ (ਸਿਖਿਆ) ਨਾਲ ਮੇਰਾ ਮਨ ਮੰਨ (ਪਤੀਜ) ਗਿਆ ਹੈ।(ਲੋਕ ਵਿਸ਼ਿਆਂ ਦੀ) ਜਹਿਰ ਨਾਲ ਲੱਦੇ ਹੋਏ ਆਉਂਦੇ (ਸੰਸਾਰ ਵਿਚ ਜੰਮਦੇ) ਹਨ ਅਤੇ (ਓਵੇਂ ਹੀ ਨਿਸਫਲ ਜਨਮ ਗੁਆ ਕੇ ਇਥੋਂ) ਕੂਚ ਕਰ ਜਾਂਦੇ ਹਨ, (ਜਿਨ੍ਹਾਂ ਨੂੰ) ਮੇਰਾ ਗੁਰੂ ਮਿਲਦਾ ਹੈ, ਸੱਚੇ ਪ੍ਰਭੂ ਦੇ ਸ਼ਬਦ ਦੁਆਰਾ (ਉਹ ਅਪਣਾ ਜਨਮ ਮਰਨ ਮੇਟ ਲੈਂਦੇ ਹਨ।ਪ੍ਰਭੂ ਦੀ ਵਡਿਆਈ) ਆਖਣ ਨਾਲ ਘਟਦੀ ਨਹੀਂ, (ਉਸ ਦੇ) ਭਗਤੀ ਦੇ ਭੰਡਾਰਿਆਂ ਵਿਚ ਵੀ ਕੋਈ ਕਮੀ ਨਹੀਂ ਆਉਂਦੀ, ਉਹ ਸਭ ਜਗ੍ਹਾ ਭਰਪੂਰ (ਵਿਆਪਕ) ਹੋ ਰਿਹਾ ਹੈ।ਨਾਨਕ ਸੱਚੀ ਬੇਨਤੀ ਆਖਦਾ ਹੈ ਕਿ ਉਹ ਹੀ ਮਨੁੱਖ ਸੱਚਾ ਹੈ, (ਜੋ ਅਪਣੇ) ਮਨ ਨੂੰ ਮਾਂਜ ਲੈਂਦਾ ਹੈ; (ਜੋ ਮਨੁੱਖ ਅਪਣੇ) ਮਨ ਨੂੰ ਸ਼ੁੱਧ ਕਰਦਾ ਹੈ, ਉਹ ਸੱਚੇ ਪ੍ਰਭੂ ਦਾ ਰੂਪ ਬਣ ਜਾਂਦਾ ਹੈ।੮।੧।

ਪਦਾਰਥ = ਮੀਤ ਮਿਲਾਪੁ–ਪ੍ਰਭੂ ਮਿਤ੍ਰ ਦਾ ਮਿਲਾਪ। ਪੂਰਾ ਨਾਵਣੋ–ਪੂਰਾ ਇਸ਼ਨਾਨ। ਗਾਵਣਹਾਰੁ–ਗਾਇਕ (ਗਾਉਣ ਵਾਲਾ)। ਸਬਦਿ –(ਗੁਰੂ ਦੇ) ਸ਼ਬਦ ਵਿਚ ਜੁੜ ਕੇ। ਸੁਹਾਵਣੋ–(ਜੀਵਨ) ਸੋਹਣਾ ਹੋ ਜਾਂਦਾ ਹੈ। ਸਾਲਾਹਿ–ਸਲਾਹੁਣਾ। ਮੰਨਿ–ਮੰਨਣਾ (ਪੂਜਣਾ)। ਮਤੇ–(ਮੱਤੇ ਨਾ ਬੋਲੋ) ਬੁੱਧੀ। ਪਿਰ ਸੰਗਿ–ਪਤੀ ਪ੍ਰਭੂ ਦੀ ਸੰਗਤ ਵਿਚ। ਭਾਵੈ–ਚੰਗਾ ਲਗਦਾ ਹੈ। ਸਹਜਿ–ਸੁਤੇ (ਸੁਭਾਵਕ) ਹੀ। ਨਾਵੈ–ਨ੍ਹਾਉਂਦਾ ਹੈ। ਬੇਣੀ ਸੰਗਮੁ–ਤਿੰਨ (ਗੰਗਾ, ਜਮੁਨਾ ਤੇ ਸਰਸੁਤੀ) ਨਦੀਆਂ ਦਾ ਮੇਲ। ਤ–ਨਿਸ਼ਚੇ ਕਰਕੇ। ਸਤ ਸਤੇ–(ਸੱਤ ਸੱਤੇ ਬੋਲੋ) ਸ੍ਰੇਸਟ ਤੋਂ ਸ੍ਰੇਸਟ। ਆਰਾਧਿ–ਸਿਮਰ। ਨਿਤ–ਹਰ ਰੋਜ। ਦੇਇ–ਦੇਂਦਾ ਹੈ। ਚੜੈ ਸਵਾਇਆ–ਸਵਾਇਆ (ਵੱਧ ਤੋਂ ਵਧ) ਚੜ੍ਹਦਾ ਹੈ। ਗਤਿ–ਮੁਕਤੀ–ਉਚੀ ਆਤਮਕ ਅਵਸਥਾ। ਨਦਰਿ–ਮੇਹਰ ਦੀ ਨਜਰ। ਮੇਲਿ ਮਿਲਾਇਆ–(ਪ੍ਰਭੂ ਦੀ) ਸੰਗਤ ਵਿਚ ਮਿਲਾ ਦਿਤਾ।੩। ਕਹਣੁ ਕਹੈ–ਵਖਿਆਨ ਕਥਨ ਕਰਦਾ ਹੈ। ਸਭੁ ਕੋਇ–ਹਰੇਕ ਮਨੁੱਖ। ਕੇਵਡੁ–ਕਿੰਨਾ ਵੱਡਾ। ਹਉ–ਮੈਂ। ਅਜਾਣੁ–ਅਣਜਾਣ। ਸਾਖੀਐ–ਸਿੱਖਿਆ ਨਾਲ। ਸਾਖੀ–ਸਿੱਖਿਆ। ਭਾਖੀ–ਉਚਾਰੀ ਹੋਈ। ਮਨੁ ਮਾਨਿਆ–ਮਨ ਪਤੀਜ ਗਿਆ। ਕੂਚੁ ਕਰਹਿ–ਕੂਚ ਕਰ (ਮਰ ਕੇ ਚਲੇ) ਜਾਂਦੇ ਹਨ। ਆਵਹਿ–ਆਉਂਦੇ (ਜੰਮਦੇ) ਹਨ। ਬਿਖੁ ਲਾਦੇ–(ਵਿਸ਼ਿਆਂ ਦੀ) ਜਹਿਰ ਨਾਲ ਲੱਦੇ ਹੋਏ। ਸਚੈ–ਸੱਚੇ ਪ੍ਰਭੂ ਦੇ। ਆਖਣਿ–ਆਖਣ ਨਾਲ। ਤੋਟਿ– ਘਾਟਾ। ਭਗਤਿ ਭੰਡਾਰੀ–ਭਗਤੀ ਦੇ ਭੰਡਾਰਿਆਂ ਵਿਚ। ਭਰਿਪੁਰਿ ਰਹਿਆ–ਭਰਪੂਰ (ਵਿਆਪਕ) ਹੋ ਰਿਹਾ ਹੈ। ਸੋਈ–ਉਹ (ਪ੍ਰਭੂ)। ਮਾਂਜੈ–ਮਾਂਜਦਾ (ਸਾਫ ਕਰ ਲੈਂਦਾ) ਹੈ। ਸਚੁ–ਸੱਚਾ (ਮਨੁੱਖ); ਸੱਚੇ ਪ੍ਰਭੂ ਦਾ ਰੂਪ।੮।੧।

ਧਨਾਸਰੀ ਮਹਲਾ ੧ ॥ ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥ ਗੁਰ ਗਿਆਨੁ ਅਪਾਰਾ ਸਿਰਜਣਹਾਰਾ, ਜਿਨਿ ਸਿਰਜੀ ਤਿਨਿ ਗੋਈ ॥ ਪਰਵਾਣਾ ਆਇਆ ਹੁਕਮਿ ਪਠਾਇਆ, ਫੇਰਿ ਨ ਸਕੈ ਕੋਈ ॥ ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ, ਆਪੇ ਸੁਰਤਿ ਬੁਝਾਈ ॥ ਨਾਨਕ ਸਾਹਿਬੁ ਅਗਮ ਅਗੋਚਰੁ ,ਜੀਵਾ ਸਚੀ ਨਾਈ ॥੧॥ ਤੁਮ ਸਰਿ ਅਵਰੁ ਨ ਕੋਇ, ਆਇਆ ਜਾਇਸੀ ਜੀਉ ॥ ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ॥ ਗੁਰੁ ਭਰਮੁ ਚੁਕਾਏ ਅਕਥੁ ਕਹਾਏ, ਸਚ ਮਹਿ ਸਾਚੁ ਸਮਾਣਾ ॥ ਆਪਿ ਉਪਾਏ ਆਪਿ ਸਮਾਏ, ਹੁਕਮੀ ਹੁਕਮੁ ਪਛਾਣਾ ॥ ਸਚੀ ਵਡਿਆਈ ਗੁਰ ਤੇ ਪਾਈ, ਤੂ ਮਨਿ ਅੰਤਿ ਸਖਾਈ ॥ ਨਾਨਕ ਸਾਹਿਬੁ ਅਵਰੁ ਨ ਦੂਜਾ, ਨਾਮਿ ਤੇਰੈ ਵਡਿਆਈ ॥੨॥ ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ ॥ ਏਕੁ ਸਾਹਿਬੁ ਦੁਇ ਰਾਹ, ਵਾਦ ਵਧੰਦਿਆ ਜੀਉ ॥ ਦੁਇ ਰਾਹ ਚਲਾਏ ਹੁਕਮਿ ਸਬਾਏ, ਜਨਮਿ ਮੁਆ ਸੰਸਾਰਾ ॥ ਨਾਮ ਬਿਨਾ ਨਾਹੀ ਕੋ ਬੇਲੀ, ਬਿਖੁ ਲਾਦੀ ਸਿਰਿ ਭਾਰਾ ॥ ਹੁਕਮੀ ਆਇਆ ਹੁਕਮੁ ਨ ਬੂਝੈ, ਹੁਕਮਿ ਸਵਾਰਣਹਾਰਾ ॥ ਨਾਨਕ ਸਾਹਿਬੁ ਸਬਦਿ ਸਿਞਾਪੈ, ਸਾਚਾ ਸਿਰਜਣਹਾਰਾ ॥੩॥ ਹੇ ਪ੍ਰਭੂ ਜੀ! ਮੈਂ ਤੇਰੇ ਨਾਮ ਸਿਮਰਨ ਵਿਚ ਜੁੜ ਕੇ ਜਿਉਂਦਾ ਹਾਂ, (ਜਿਸ ਨਾਲ ਮੇਰੇ) ਮਨ ਵਿਚ ਅਨੰਦ ਪੈਦਾ ਹੁੰਦਾ ਹਾਂ। ਸੱਚੇ ਪ੍ਰਭੂ ਦਾ ਨਾਮ ਸੱਚਾ ਹੈ, ਗੋਬਿੰਦ ਗੁਣਾਂ ਦਾ ਭੰਡਾਰ ਹੈ। ਗੁਰੂ ਦਾ ਗਿਆਨ ਦਸਦਾ ਹੈ ਕਿ ਸਿਰਜਨਹਾਰ ਪ੍ਰਭੂ ਬੇਅੰਤ ਹੈ, ਜਿਸ ਨੇ ਇਹ ਦੁਨੀਆਂ ਪੈਦਾ ਕੀਤੀ ਹੈ ਅਤੇ ਉਸੇ ਨੇ (ਇਹ ਦੁਨੀਆਂ ਕਈ ਵਾਰ) ਨਾਸ਼ ਕੀਤੀ ਹੈ। (ਹੇ ਭਾਈ! ਜਦੋਂ) ਪ੍ਰਭੂ ਦੇ ਹੁਕਮ ਨਾਲ ਭੇਜਿਆ ਮੌਤ ਦਾ ਸੱਦਾ ਆ ਗਿਆ, (ਤਾਂ ਉਸ ਨੂੰ) ਕੋਈ ਜੀਵ ਮੋੜ ਨਹੀਂ ਸਕਦਾ। ਪ੍ਰਭੂ ਆਪੇ ਦੁਨੀਆਂ ਪੈਦਾ ਕਰਕੇ ਆਪ ਹੀ ਦੇਖਦਾ (ਸੰਭਾਲ ਕਰਦਾ) ਹੈ, ਆਪ ਹੀ ਹਰੇਕ ਜੀਵ ਦੇ ਸਿਰ ਉਤੇ (ਉਸ ਦੇ ਕੀਤੇ ਕਰਮਾਂ ਅਨੁਸਾਰ) ਲੇਖ ਲਿਖਦਾ ਹੈ, ਆਪ ਹੀ ਉਚੀ ਸੁਰਤ ਦੇ ਕੇ (ਉਹ ਮਨੁੱਖ ਨੂੰ) ਸਮਝਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੇ ਵਿਸ਼ੇ ਤੋਂ ਵੀ ਪਰੇ ਹੈ ਅਤੇ ਮੈਂ (ਉਸ ਦੀ) ਸੱਚੀ ਵਡਿਆਈ ਕਰਕੇ ਜਿਉਂਦਾ ਹਾਂ।੧। ਹੇ ਪ੍ਰਭੂ ਜੀ! (ਦੁਨੀਆਂ ਵਿਚ) ਤੇਰੇ ਬਰਾਬਰ ਦਾ ਕੋਈ ਨਹੀਂ, (ਸੰਸਾਰ ਵਿਚ ਜੋ ਜੀਵ) ਆਇਆ ਹੈ, (ਉਹ ਇਥੋਂ) ਚਲੇ ਜਾਂਦਾ ਹੈ (ਕੇਵਲ ਤੂੰ ਅਬਿਨਾਸੀ ਹੈ। ਜਦੋਂ ਗੁਰੂ ਜੀਵ ਦਾ) ਭਰਮ ਦੂਰ ਕਰਦਾ ਹੈ ਤਾਂ (ਪ੍ਰਭੂ ਦੇ) ਹੁਕਮ ਨਾਲ (ਜਨਮ ਮਰਨ) ਖਤਮ ਹੁੰਦਾ ਹੈ। ਗੁਰੂ ਅਕੱਥ ਪ੍ਰਭੂ ਦਾ ਨਾਮ ਜਪਾ ਕੇ (ਮਨੁੱਖ ਦਾ) ਭਰਮ ਦੂਰ ਕਰਦਾ ਹੈ ਅਤੇ (ਮਨੁੱਖ) ਸੱਚ ਰੂਪ ਹੋ ਕੇ ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ। (ਉਹ) ਹੁਕਮੀ ਦੇ ਹੁਕਮ ਨੂੰ ਪਛਾਣ ਲੈਂਦਾ ਹੈ ਕਿ ਪ੍ਰਭੂ ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਮਾਰਦਾ ਹੈ; (ਅਪਣੇ ਵਿਚ) ਲੀਨ ਕਰਦਾ ਹੈ। (ਹੇ ਪ੍ਰਭੂ! ਉਸ ਮਨੁੱਖ ਨੇ ਤੇਰੀ) ਸੱਚੀ ਵਡਿਆਈ ਗੁਰੂ ਤੋਂ ਪ੍ਰਾਪਤ ਕੀਤੀ ਹੈ, ਤੂੰ (ਉਸ ਦੇ) ਮਨ ਵਿਚ ਵਸ ਕੇ ਅੰਤ ਸਮੇਂ ਸਹਾਈ ਹੁੰਦਾ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ! ਤੇਰੇ ਬਿਨਾ) ਦੂਜਾ ਹੋਰ ਕੋਈ ਮਾਲਕ ਨਹੀਂ ਹੈ, ਤੇਰੇ ਨਾਮ ਵਿਚ ਜੁੜ ਕੇ (ਮਨੁੱਖ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।੨। ਹੇ ਸਿਰਜਨਹਾਰ ਪ੍ਰਭੂ ਜੀ! ਤੂੰ ਸੱਚਾ ਹੈਂ, ਨਾ ਸਮਝ ਆਉਣ ਵਾਲਾ ਤੇ (ਸਭ ਜੀਵਾਂ ਨੂੰ) ਪੈਦਾ ਕਰਨ ਵਾਲਾ ਹੈਂ। (ਹੇ ਭਾਈ! ਸਭ ਦਾ) ਮਾਲਕ ਇਕੋ ਹੈ, (ਪਰ) ਰਸਤੇ ਦੋ ਹਨ, (ਭਗਤੀ ਤੇ ਮਾਇਆ ਦਾ, ਉਸ ਦੇ ਹੁਕਮ ਵਿਚ ਹੀ) ਝਗੜੇ ਵਧਦੇ ਹਨ, ਕਿਉਂਕਿ {ਭਗਤਾ ਤੈ ਸੈਸਾਰੀਅ ਜੋੜੁ ਕਦੇ ਨ ਆਇਆ ੧੪੫}। ਉਸ ਨੇ ਹੀ ਅਪਣੇ) ਹੁਕਮ ਨਾਲ ਸਾਰੇ ਜੀਵ ਦੋ ਰਾਹਾਂ ਵਿਚ ਚਲਾਏ ਹਨ, (ਉਸ ਦੇ ਹੁਕਮ ਵਿਚ) ਸੰਸਾਰ ਜੰਮਦਾ ਮਰਦਾ ਰਹਿੰਦਾ ਹੈ। (ਨਾਮ ਨੂੰ ਭੁਲਾ ਕੇ ਮਨੁੱਖ ਅਪਣੇ) ਸਿਰ ਤੇ ਜਹਿਰ ਰੂਪ ਪਾਪਾਂ ਦਾ ਭਾਰ ਲੱਦੀ ਫਿਰਦਾ ਹੈ, ਅਤੇ (ਸਮਝਦਾ ਨਹੀਂ ਕਿ ਰੱਬ ਦੇ) ਨਾਮ ਤੋਂ ਬਿਨਾ ਕੋਈ ਬੇਲੀ ਨਹੀਂ ਹੈ। (ਜੀਵ ਪ੍ਰਭੂ ਦੇ) ਹੁਕਮ ਨਾਲ ਹੀ ਜਗਤ ਵਿਚ ਆਇਆ ਹੈ, (ਪਰ ਪ੍ਰਵਾਰ ਤੇ ਮਾਇਆ ਦੇ ਮੋਹ ਵਿਚ ਫਸ ਕੇ ਉਸ) ਹੁਕਮ ਨੂੰ ਨਹੀਂ ਸਮਝਦਾ, (ਪ੍ਰਭੂ ਆਪ ਹੀ ਮਨੁੱਖ ਨੂੰ ਅਪਣੇ) ਹੁਕਮ ਵਿਚ ਰੱਖ ਕੇ ਸੁਧਾਰ

ਦੇਣ ਵਾਲਾ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਸਿਰਜਨਹਾਰ ਸੱਚਾ ਸਾਹਿਬ ਗੁਰੂ ਦੇ ਸ਼ਬਦ ਦੁਆਰਾ ਪਛਾਨਿਆ ਜਾਂਦਾ ਹੈ।੩।
ਪਦਾਰਥ = ਜੀਵਾ–ਮੈਂ ਜਿਉਂਦਾ ਹਾਂ। ਨਾਇ–ਨਾਮ ਵਿਚ ਜੁੜ ਕੇ। ਮਨਿ–ਮਨ ਵਿਚ। ਜੀਉ–ਹੇ ਪ੍ਰਭੂ ਜੀ!। ਅਪਾਰਾ–ਬੇਅੰਤ। ਸਿਰਜਣ ਹਾਰ–(ਸਭ ਨੂੰ) ਪੈਦਾ ਕਰਨ ਵਾਲਾ। ਜਿਨਿ–ਜਿਸ ਨੇ। ਸਿਰਜੀ–ਪੈਦਾ ਕੀਤੀ। ਤਿਨਿ–ਉਸ ਨੇ। ਗੋਈ–ਨਾਸ਼ ਕੀਤੀ। ਪਰਵਾਣਾ–ਸੱਦਾ। ਹੁਕਮਿ–ਹੁਕਮ ਨਾਲ। ਪਠਾਇਆ–ਭੇਜਿਆ। ਫੇਰਿ ਨ ਸਕੈ–ਮੋੜ ਨਹੀਂ ਸਕਦਾ। ਕਰਿ–ਪੈਦਾ ਕਰਕੇ। ਵੇਖੈ–ਦੇਖਦਾ (ਸੰਭਾਲਦਾ) ਹੈ। ਸਿਰਿ ਸਿਰਿ–ਹਰੇਕ ਜੀਵ ਦੇ ਸਿਰ ਉਤੇ। ਲੇਖੈ–ਲੇਖ ਲਿਖਦਾ ਹੈ। ਸੁਰਤਿ–ਸੂਝ ਬੂਝ। ਬੁਝਾਈ–ਸਮਝਾਉਂਦਾ ਹੈ। ਸਾਹਿਬੁ–ਮਾਲਕ ਪ੍ਰਭੂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੇ ਵਿਸ਼ੇ ਤੋਂ ਪਰੇ (ਅਵਿਸ਼ੇ)। ਨਾਈ–ਵਡਿਆਈ।੧। ਤੁਮ ਸਰਿ–ਤੇਰੇ ਬਰਾਬਰ ਦਾ। ਅਵਰੁ–ਹੋਰ। ਆਇਆ–ਜਨਮਿਆ ਹੈ। ਜਾਇਸੀ–ਚਲੇ (ਮਰ) ਜਾਂਦਾ ਹੈ। ਹੁਕਮੀ–ਹੁਕਮ ਨਾਲ। ਹੋਇ ਨਿਬੇੜੁ–ਖਤਮ ਹੁੰਦਾ ਹੈ। ਚੁਕਾਇਸੀ–ਦੂਰ ਕਰਦਾ ਹੈ। ਅਕਥੁ ਕਹਾਏ–ਬਿਆਨ ਨਾ ਹੋ ਸਕਣ ਵਾਲੇ ਪ੍ਰਭੂ ਦਾ ਨਾਮ ਜਪਾ ਕੇ। ਸਚ ਮਹਿ–ਸੱਚੇ ਪ੍ਰਭੂ ਵਿਚ। ਸਾਚੁ–ਸੱਚ ਰੂਪ ਹੋ ਕੇ। ਸਮਾਣਾ–ਮਿਲ ਜਾਂਦਾ ਹੈ। ਉਪਾਏ–ਪੈਦਾ ਕਰਦਾ ਹੈ। ਸਮਾਏ–ਮਾਰਦਾ ਹੈ। ਹੁਕਮੀ ਹੁਕਮ–ਹੁਕਮ ਕਰਨ ਵਾਲੇ ਪ੍ਰਭੂ ਦੇ ਹੁਕਮ ਨੂੰ। ਤੇ–ਤੋਂ। ਪਾਈ–ਪ੍ਰਾਪਤ ਕੀਤੀ। ਅੰਤਿ–ਅੰਤ ਸਮੇਂ। ਸਖਾਈ–ਸਹਾਈ; ਸਾਥੀ।੨। ਅਲਖ–ਨਾ ਸਮਝ ਆਉਣ ਵਾਲਾ। ਸਿਰੰਦਿਆ–ਪੈਦਾ ਕਰਨ ਵਾਲਾ। ਦੁਇ ਰਾਹ–ਦੋ ਰਸਤੇ (ਜਨਮ ਤੇ ਮਰਨ; ਭਗਤੀ ਤੇ ਮਾਇਆ; ਪ੍ਰਵਿਰਤੀ ਤੇ ਨਿਰਵਿਰਤੀ; ਆਸਤਕਤਾ ਤੇ ਨਾਸਤਕਤਾ)। ਵਾਦ–ਝਗੜੇ। ਵਧੰਦਿਆ–ਵਧਦੇ ਹਨ। ਹੁਕਮਿ–ਹੁਕਮ ਨਾਲ। ਸਬਾਏ–ਸਾਰੇ। ਮੁਆ–ਮਰਦਾ ਹੈ। ਕੋ–ਕੋਈ। ਬੇਲੀ–ਸਾਥੀ; ਮਿਤ੍ਰ। ਬਿਖੁ–ਜਹਿਰ। ਲਾਦੀ–ਲੱਦੀ ਹੈ। ਸਿਰਿ–ਸਿਰ ਉਤੇ। ਭਾਰਾ–ਬੋਝ। ਨ ਬੂਝੈ–ਸਮਝਦਾ ਨਹੀਂ। ਸਵਾਰਨਹਾਰਾ–ਸੁਧਾਰ ਦੇਣ ਵਾਲਾ। ਸਬਦਿ–ਗੁਰੂ ਦੇ ਸ਼ਬਦ ਦੁਆਰਾ। ਸਿਞਾਪੈ–ਪਛਾਨਿਆ ਜਾਂਦਾ ਹੈ।੩।

ਭਗਤ ਸੋਹਹਿ ਦਰਵਾਰਿ, ਸਬਦਿ ਸੁਹਾਇਆ ਜੀਉ ॥ ਬੋਲਹਿ ਅੰਮ੍ਰਿਤ ਬਾਣਿ, ਰਸਨ ਰਸਾਇਆ ਜੀਉ ॥ ਰਸਨ ਰਸਾਏ ਨਾਮਿ ਤਿਸਾਏ, ਗੁਰ ਕੈ ਸਬਦਿ ਵਿਕਾਣੇ ॥ (ਹੇ ਭਾਈ!) ਭਗਤ ਪ੍ਰਭੂ ਦੇ ਦਰਬਾਰ ਵਿਚ ਸੋਭਾ ਪਾਉਂਦੇ ਹਨ, ਨਾਮ ਵਿਚ ਜੁੜੇ ਹੋਣ ਕਰਕੇ (ਉਹ) ਸੋਹਣੇ ਲਗਦੇ ਹਨ। (ਉਹ ਅਪਣੀ) ਜੀਭ ਨਾਲ ਅੰਮ੍ਰਿਤ ਬਾਣੀ ਬੋਲਦੇ (ਪੜ੍ਹਦੇ) ਹਨ ਅਤੇ (ਬਾਣੀ ਨਾਲ ਜੀਭ ਨੂੰ) ਰਸਦਾਇਕ (ਮਿੱਠੀ) ਬਣਾ ਲੈਂਦੇ ਹਨ। (ਉਹ) ਨਾਮ ਦੇ ਪਿਆਸੇ ਹਨ, (ਉਨ੍ਹਾਂ ਨੇ ਨਾਮ ਰਸ ਵਿਚ ਅਪਣੀ) ਜੀਭ ਨੂੰ ਰਸਾ ਲਿਆ ਹੈ ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ (ਪ੍ਰਭੂ ਲਈ) ਵਿਕ ਗਏ ਹਨ (ਉਨ੍ਹਾਂ ਨੇ ਪ੍ਰਭੂ ਨੂੰ ਤਨ, ਮਨ ਤੇ ਧਨ ਸਭ ਕੁਛ ਸੌਂਪ ਦਿਤਾ ਹੈ)।

ਅੰਗ ੬੮੯ = ਪਾਰਸਿ ਪਰਸਿਐ ਪਾਰਸੁ ਹੋਏ, ਜਾ ਤੇਰੈ ਮਨਿ ਭਾਣੇ ॥ ਅਮਰਾਪਦੁ ਪਾਇਆ ਆਪੁ ਗਵਾਇਆ, ਵਿਰਲਾ ਗਿਆਨ ਵੀਚਾਰੀ ॥ ਨਾਨਕ ਭਗਤ ਸੋਹਨਿ ਦਰਿ ਸਾਚੈ, ਸਾਚੇ ਕੇ ਵਾਪਾਰੀ ॥੪॥ ਭੂਖ ਪਿਆਸੋ ਆਥਿ, ਕਿਉ ਦਰਿ ਜਾਇਸਾ ਜੀਉ ॥ ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ ॥ ਸਚੁ ਨਾਮੁ ਧਿਆਈ ਸਾਚੁ ਚਵਾਈ, ਗੁਰਮੁਖਿ ਸਾਚੁ ਪਛਾਣਾ ॥ ਦੀਨਾ ਨਾਥੁ ਦਇਆਲੁ ਨਿਰੰਜਨੁ ,ਅਨਦਿਨੁ ਨਾਮੁ ਵਖਾਣਾ ॥ ਕਰਣੀ ਕਾਰ ਧੁਰਹੁ ਫੁਰਮਾਈ, ਆਪਿ ਮੁਆ ਮਨੁ ਮਾਰੀ ॥ ਨਾਨਕ ਨਾਮੁ ਮਹਾ ਰਸੁ ਮੀਠਾ, ਤ੍ਰਿਸਨਾ ਨਾਮਿ ਨਿਵਾਰੀ ॥੫॥੨॥ (ਹੇ ਪ੍ਰਭੂ! ਉਹ ਭਗਤ) ਜਦੋਂ ਤੇਰੇ ਮਨ ਵਿਚ ਚੰਗੇ ਲਗੇ, ਤਾਂ ਗੁਰੂ ਰੂਪ ਪਾਰਸ ਨਾਲ ਛੋਹਣ ਕਰਕੇ ਉਹ ਪਾਰਸ ਰੂਪ ਹੋ ਗਏ ਹਨ। (ਜਿਨ੍ਹਾਂ ਪੁਰਖਾਂ ਨੇ) ਆਪਾ ਭਾਵ ਗਵਾਇਆ ਹੈ, (ਉਨ੍ਹਾਂ ਨੇ) ਅਮਰ ਪਦ ਪ੍ਰਾਪਤ ਕਰ ਲਿਆ ਹੈ, (ਪਰ ਕੋਈ) ਵਿਰਲਾ ਮਨੁੱਖ ਗਿਆਨ ਦਾ ਵਿਚਾਰਵਾਨ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਸੱਚੇ ਨਾਮ ਦੇ ਵਪਾਰੀ ਭਗਤ ਹਨ, ਉਹ ਸੱਚੇ ਪ੍ਰਭੂ ਦੇ ਦਰ ਤੇ ਸੋਭਦੇ ਹਨ।੪। (ਹੇ ਭਾਈ!) ਮੈਂ ਮਾਇਆ ਦਾ ਭੁੱਖਾ ਪਿਆਸਾ ਹਾਂ, ਕਿਸ ਤਰ੍ਹਾਂ ਹਰੀ ਦਰ ਤੇ ਜਾਵਾਂਗਾ? (ਇਹ ਭੁਖ ਪਿਆਸ ਮਿਟਾਉਣ ਲਈ) ਮੈਂ ਜਾ ਕੇ ਸਤਿਗੁਰੂ ਤੋਂ ਪੁੱਛਾਂ ਤੇ (ਗੁਰੂ ਪਾਸੋਂ ਉਪਦੇਸ਼ ਲੈ ਕੇ) ਨਾਮ ਨੂੰ ਸਿਮਰਾਂ। ਗੁਰੂ ਦੀ ਸ਼ਰਨ ਵਿਚ ਰਹਿ ਕੇ ਸੱਚ ਨੂੰ ਪਛਾਣਾਂ, ਸੱਚਾ ਨਾਮ ਧਿਆਵਾਂ ਤੇ ਸੱਚਾ ਨਾਮ ਮੂਹੋਂ ਬੋਲਾਂ (ਜਪਾਂ)। ਦਇਆ ਦਾ ਘਰ ਗਰੀਬਾਂ ਦਾ ਮਾਲਕ ਮਾਇਆ ਤੋਂ ਨਿਰਲੇਪ ਪ੍ਰਭੂ ਜੋ ਹੈ, ਹਰ ਰੋਜ (ਮੈਂ ਉਸ ਦਾ) ਨਾਮ ਉਚਾਰਾਂ। (ਹੇ ਭਾਈ! ਇਹ) ਨਾਮ ਸਿਮਰਨ ਦੀ ਕਮਾਈ ਦਾ ਕਰਮ ਹਰੀ ਨੇ ਧੁਰ ਤੋਂ ਹੁਕਮ ਕੀਤਾ ਹੋਇਆ ਹੈ, (ਮੈਂ ਨਾਮ ਜਪ ਕੇ) ਆਪਾ ਭਾਵ ਮਾਰਿਆ ਹੈ ਤੇ ਮਨ ਨੂੰ ਵੀ ਮਾਰ ਲਿਆ ਹੈ। ਹੇ ਨਾਨਕ! ਪ੍ਰਭੂ ਦਾ ਨਾਮ ਰਸ ਬਹੁਤ ਮਿੱਠਾ ਹੈ, ਨਾਮ ਨੇ (ਹੀ ਮੇਰੀ ਮਾਇਆ ਦੀ) ਭੁੱਖ ਮਿਟਾਈ ਹੈ।੫।੨।

ਪਦਾਰਥ = ਸੋਹਹਿ–ਸੋਭਾ ਪਾਉਂਦੇ ਹਨ। ਦਰਵਾਰਿ–(ਪ੍ਰਭੂ ਦੇ ਜਾਂ ਸਤਸੰਗਤ ਰੂਪ) ਦਰਬਾਰ ਵਿਚ। ਸਬਦਿ–ਨਾਮ ਵਿਚ ਜੁੜੇ ਹੋਣ ਕਰਕੇ। ਸੁਹਾਇਆ–ਸੋਹਣੇ ਲਗਦੇ ਹਨ। ਅੰਮ੍ਰਿਤ ਬਾਣਿ–ਅੰਮ੍ਰਿਤ ਮਈ ਬਾਣੀ। ਰਸਨ–ਜੀਭ। ਰਸਾਇਆ–ਰਸਦਾਇਕ। ਰਸਾਏ–ਰਸਾ ਲਿਆ। ਤਿਸਾਏ–ਤਿਹਾਏ (ਪਿਆਸੇ)। ਵਿਕਾਣੇ–ਵਿਕ ਗਏ। ਪਾਰਸੁ–ਗੁਰੂ ਰੂਪ ਪਾਰਸ ਨੂੰ। ਪਰਸਿਐ–ਛੋਹਣ ਕਰਕੇ। ਪਾਰਸੁ ਹੋਏ–(ਪੱਥਰ ਦੀ ਇਕ ਬੱਟੀ, ਜੋ ਲੋਹੇ ਨੂੰ ਸੋਨਾ ਬਣਾਉਂਦੀ ਦੱਸੀਦੀ ਹੈ) ਗੁਰੂ ਦਾ ਰੂਪ ਹੋ ਗਏ। ਜਾ–ਜਦੋਂ। ਮਨਿ–ਮਨ ਵਿਚ। ਭਾਣੇ–ਚੰਗੇ ਲੱਗੇ। ਆਮਰਾ ਪਦੁ–ਮੌਤ ਤੋਂ ਰਹਿਤ ਪਦਵੀ। ਆਪੁ–ਆਪਾ ਭਾਵ। ਵੀਚਾਰੀ–ਵਿਚਾਰਵਾਨ। ਸੋਹਨਿ–ਸੋਭਦੇ ਹਨ। ਦਰਿ–ਦਰ ਉਤੇ। ਵਾਪਾਰੀ–ਲੈਣ ਦੇਣ ਦਾ ਕੰਮ ਕਰਨ (ਨਾਮ ਜਪਣ ਤੇ ਜਪਾਉਣ) ਵਾਲੇ।੪। ਭੂਖ ਪਿਆਸੋ–ਭੁੱਖਾ ਪਿਆਸਾ। ਆਥਿ–ਮਾਇਆ ਦਾ। ਕਿਉ–ਕਿਸ ਤਰ੍ਹਾਂ। ਜਾਇਸਾ–ਜਾਵਾਂਗਾ। ਪੂਛਉ ਜਾਇ–ਜਾ ਕੇ ਪੁੱਛਾਂ। ਧਿਆਇਸਾ–ਸਿਮਰਾਂਗਾ। ਧਿਆਈ–ਧਿਆਵਾਂ। ਚਵਾਈ–ਬੋਲਾਂ

(ਜਪਾਂ)।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ।ਦੀਨਾ ਨਾਥੁ–ਗਰੀਬਾਂ ਦਾ ਮਾਲਕ।ਨਿਰੰਜਨੁ–ਮਾਇਆ ਤੋਂ ਨਿਰਲੇਪ।ਅਨ ਦਿਨੁ–ਹਰ ਰੋਜ।ਵਖਾਣਾ–ਉਚਾਰਾਂ।ਕਰਣੀ ਕਾਰ–(ਨਾਮ ਸਿਮਰਨ ਦੀ) ਕਮਾਈ ਦਾ ਕਰਮ।ਧੁਰਹੁ–ਧੁਰ ਤੋਂ।ਫੁਰਮਾਈ–ਹੁਕਮ ਕੀਤਾ ਹੈ।ਮੁਆ–ਮਾਰ ਲਿਆ।ਮਾਰੀ–ਮਾਰ ਲਿਆ।ਨਾਮਿ–ਨਾਮ ਨੇ।ਨਿਵਾਰੀ–ਮਿਟਾਈ ਹੈ।੫।੨।

ਸਾਰੰਸ਼ = ਇਸ ਛੰਤ ਵਿਚ ਨਾਮ ਤੇ ਮਾਇਆ ਦੀਆਂ ਅੱਡੋ ਅੱਡ ਖਿੱਚਾਂ ਦਾ ਵਿਸ਼ਾ ਚਲ ਰਿਹਾ ਹੈ।ਇਹ ਦੋਵੇਂ ਪ੍ਰਮਾਤਮਾ ਦੇ ਹੁਕਮ ਨਾਲ ਚਲਾਏ ਹੋਏ ਰਾਹ ਹਨ।ਇਕ ਪਾਸੇ ਭਗਤ ਲੋਕ ਨਾਮ ਦਾ ਰਸਤਾ ਫੜ ਕੇ ਅਮਰ ਪਦਵੀ ਪਾ ਲੈਂਦੇ ਹਨ, ਦੂਜੇ ਪਾਸੇ ਭਰਮ ਵਿਚ ਭੁੱਲੇ ਲੋਕ ਮਾਇਆ ਵਿਚ ਲਗ ਕੇ ਪਾਪਾਂ ਦੇ ਭਾਰ ਲੱਦੀ ਫਿਰਦੇ ਹਨ ਤੇ ਜੰਮਦੇ ਮਰਦੇ ਰਹਿੰਦੇ ਹਨ।

ਧਨਾਸਰੀ ਛੰਤ ਮਹਲਾ ੧ ॥ ਪਿਰ ਸੰਗਿ ਮੂਠੜੀਏ, ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ,ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ, ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ, ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ, ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ, ਛੂਟੀ ਝੂਠਿ ਵਿਛੁੰਨਿਆ ॥੧॥ ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਏ, ਪਾਵਹਿ ਸੁਖਿ ਮਹਲੋ ॥ ਹਰਿ ਨਾਮ ਧਿਆਏ ਤਾ ਸੁਖੁ ਪਾਏ, ਪੇਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ, ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ, ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ, ਰਾਤੀ ਸਾਚੈ ਨਾਏ ॥੨॥ ਪਿਰੁ ਧਨ ਭਾਵੈ, ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ, ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ, ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ,ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ, ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ, ਪਿਰ ਸਿਉ ਪ੍ਰੀਤਿ ਪਿਆਰੀ ॥੩॥ (ਗੁਰਮੁਖ ਇਸਤ੍ਰੀ ਦੂਜੀ ਮਨਮੁਖ ਇਸਤ੍ਰੀ ਨੂੰ ਉਪਦੇਸ਼ ਦਿੰਦੀ ਹੈ)।ਹੇ ਵਿਸ਼ੇ ਵਿਕਾਰਾਂ ਵਿਚ ਮੋਹੀ ਹੋਈ ਜੀਵ ਇਸਤ੍ਰੀਏ! (ਤੈਨੂੰ) ਖਬਰ ਨਹੀਂ ਪ੍ਰਾਪਤ (ਪਤਾ ਹੀ ਨਹੀਂ ਕਿ) ਪਤੀ ਪ੍ਰਮਾਤਮਾ ਤੇਰੇ ਨਾਲ ਹੈ।(ਤੇਰੇ ਵਸ ਦੀ ਗੱਲ ਨਹੀਂ) ਪਿਛਲੇ ਜਨਮਾਂ ਵਿਚ ਜਿਹੋ ਜਿਹਾ ਤੈਂ ਕਰਮ ਕਮਾਇਆ ਸੀ, (ਉਹੋ ਜਿਹਾ) ਲੇਖ ਤੇਰੇ ਮੱਥੇ ਤੇ ਲਿਖਿਆ ਗਿਆ ਹੈ (ਕਿ ਨਾਲ ਵਸਦੇ ਪਤੀ ਨੂੰ ਨਹੀਂ ਜਾਣ ਸਕੇਂਗੀ)।ਪਿਛਲੇ ਜਨਮਾਂ ਦੇ ਕਮਾਏ ਕਰਮਾਂ ਦਾ ਲੇਖ (ਭੋਗੇ ਬਿਨਾ ਕਿਸੇ ਤੋਂ) ਮਿਟਦਾ ਨਹੀਂ, ਮੈਂ ਕੀ ਜਾਣਾਂ (ਅੱਗੇ ਪ੍ਰਲੋਕ ਵਿਚ ਤੇਰਾ ਹਾਲ) ਕੀ ਹੋਵੇਗਾ? (ਜੋ ਜੀਵ ਇਸਤ੍ਰੀ) ਨਾ ਗੁਣਵਾਨ ਹੈ, ਨਾ ਉਚੇ ਆਚਰਣ ਵਾਲੀ ਹੈ ਅਤੇ ਨਾ ਹੀ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਹੈ, (ਉਹ ਅਪਣੇ) ਔਗਣਾਂ ਦੇ ਕਾਰਣ ਬੈਠ ਬੈਠ ਕੇ ਰੋਵੇਗੀ (ਦੁਖੀ ਹੋਵੇਗੀ)।ਧਨ ਤੇ ਜਵਾਨੀ ਅੱਕ ਦੇ ਬੂਟੇ ਦੀ ਛਾਂ ਵਾਂਗ (ਥੋੜਾ ਸਮਾਂ ਰਹਿਣ ਵਾਲੇ) ਹਨ, (ਮਨੁੱਖ ਦੇ) ਬੁੱਢੇ ਹੋ ਜਾਣ ਤੇ (ਜੀਵਨ ਦੇ) ਦਿਨ ਪੂਰੇ ਹੋ ਜਾਂਦੇ ਹਨ (ਮੌਤ ਆ ਜਾਂਦੀ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ (ਜੀਵ ਇਸਤ੍ਰੀ) ਦੁਹਾਗਣ ਵਾਂਗ ਹੈ, ਉਹ ਪਤੀ ਦੀ ਛੱਡੀ ਹੋਈ ਹੈ, (ਉਹ) ਝੂਠ ਵਿਚ ਲਗਣ ਕਰ ਕੇ ਪਤੀ ਤੋਂ ਵਿਛੜੀ ਹੋਈ ਹੈ।੧।ਹੇ (ਵਿਸ਼ੇ ਵਿਕਾਰਾਂ ਵਿਚ) ਡੁੱਬੀ ਹੋਈ ਜੀਵ ਇਸਤ੍ਰੀਏ! ਤੈਂ (ਅਪਣਾ ਹਿਰਦਾ) ਘਰ ਤਬਾਹ ਕਰ ਲਿਆ ਹੈ, ਤੂੰ ਗੁਰੂ ਦੇ ਭਾਣੇ ਅਨੁਸਾਰ ਚੱਲ।ਪ੍ਰਭੂ ਦੇ ਸੱਚੇ ਨਾਮ ਨੂੰ ਸਿਮਰ, (ਫਿਰ ਤੂੰ ਜੀਵਨ ਵਿਚ) ਸੁਖ ਨਾਲ ਵਸੇਂਗੀ ਅਤੇ ਪ੍ਰਭੂ ਦਾ ਮਹਿਲ ਪ੍ਰਾਪਤ ਕਰ ਲਵੇਂਗੀ।ਜੇ ਤੂੰ ਹਰੀ ਦਾ ਨਾਮ ਸਿਮਰੇਂਗੀ ਤਾਂ ਸੁਖ ਪਾਵੇਂਗੀ, ਇਸ ਸੰਸਾਰ ਰੂਪ ਪੇਕੇ ਘਰ ਵਿਚ ਚਾਰ ਦਿਨ (ਬਹੁਤ ਥੋੜਾ ਸਮਾਂ ਹੀ) ਰਹਿਣਾ ਹੈ।(ਨਾਮ ਸਿਮਰਨ ਦੀ ਬਰਕਤ ਨਾਲ ਜੀਵ ਇਸਤ੍ਰੀ) ਸੱਚੇ ਪਤੀ ਪ੍ਰਭੂ ਨੂੰ ਪਾ ਕੇ ਅਪਣੇ ਅਸਲੀ ਘਰ ਵਿਚ ਜਾ ਬੈਠਦੀ ਹੈ ਅਤੇ ਪਿਆਰੇ ਨਾਲ ਮਿਲ ਕੇ ਹਰ ਰੋਜ ਸੁਖ ਮਾਣਦੀ ਹੈ।(ਸੰਸਾਰ ਦੇ) ਹੇ ਸਾਰੇ ਲੋਕੋ! ਸੁਣ ਲਵੋ, (ਪ੍ਰਭੂ ਦੀ) ਭਗਤੀ ਤੋਂ ਬਿਨਾ ਨਿਜ ਘਰ ਵਿਚ ਵਾਸਾ ਪ੍ਰਾਪਤ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੀਵ ਇਸਤ੍ਰੀ) ਤਾਂ ਹੀ ਅਨੰਦ ਪ੍ਰਸੰਨ ਹੋ ਕੇ ਪਤੀ ਪ੍ਰਭੂ ਨੂੰ ਪ੍ਰਾਪਤ ਕਰ ਸਕਦੀ ਹੈ, (ਜੇ ਉਹ) ਸੱਚੇ ਪ੍ਰਭੂ ਦੇ ਨਾਮ ਵਿਚ ਰੰਗੀ ਜਾਵੇ।੨।ਜੇ ਜੀਵ ਇਸਤ੍ਰੀ ਦੇ ਦਿਲ ਵਿਚ ਪਤੀ ਪ੍ਰਭੂ ਲਈ ਭਾਵਨਾ ਹੋਵੇ, ਤਾਂ ਹੀ ਹਰੀ ਨੂੰ ਇਸਤ੍ਰੀ ਪਿਆਰੀ ਲਗਦੀ ਹੈ।(ਅਜੇਹੀ ਜੀਵ ਇਸਤ੍ਰੀ) ਪਿਆਰੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਹੋਈ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਚਾਰਵਾਨ ਬਣ ਜਾਂਦੀ ਹੈ।ਗੁਰੂ ਦੇ ਸ਼ਬਦ ਵਿਚ ਜੁੜ ਕੇ (ਉਹ) ਵਿਚਾਰਵਾਨ ਇਸਤ੍ਰੀ ਪਤੀ ਪ੍ਰਭੂ ਦੀ ਪਿਆਰੀ ਹੋ ਜਾਂਦੀ ਹੈ ਅਤੇ ਨਿਉਂ ਨਿਉਂ ਕੇ (ਸ਼ਰਧਾ ਤੇ ਨਿਮ੍ਰਤਾ ਨਾਲ) ਪ੍ਰਭੂ ਦੀ ਭਗਤੀ ਕਰਦੀ ਹੈ।ਪਿਆਰਾ ਪ੍ਰਭੂ (ਉਸ ਦੇ ਅੰਦਰੋਂ) ਮਾਇਆ ਦਾ ਮੋਹ ਜਲਾ ਦੇਂਦਾ ਹੈ, (ਫਿਰ ਉਹ ਪ੍ਰਭੂ ਦੇ) ਨਾਮ ਰਸ ਵਿਚ ਅਨੰਦ ਮਾਣਦੀ ਹੈ।(ਉਹ ਅਪਣਾ) ਮਨ ਮਾਰ ਕੇ ਸੱਚੇ ਪ੍ਰਭੂ ਨਾਲ ਪ੍ਰੇਮ ਰੰਗ ਵਿਚ ਰੰਗੀ ਹੋਈ ਲਾਲ ਰੰਗ ਵਾਲੀ (ਪ੍ਰੇਮਣ) ਹੋ ਜਾਂਦੀ ਹੈ।ਨਾਨਕ ਜੀ ਆਖਦੇ ਹਨ ਕਿ ਸੱਚ ਸਰੂਪ ਵਿਚ ਵਸੀ ਹੋਈ (ਅਜੇਹੀ) ਸੁਹਾਗਣ ਪਤੀ ਪ੍ਰਭੂ ਨਾਲ ਪ੍ਰੀਤ ਕਰਕੇ ਪਿਆਰ ਵਾਲੀ ਹੋ ਜਾਂਦੀ ਹੈ।੩।

ਪਦਾਰਥ = ਪਿਰ–ਪਤੀ ਪ੍ਰਮਾਤਮਾ।ਸੰਗਿ–ਨਾਲ।ਮੂਠੜੀਏ–ਹੇ ਮੋਹੀ ਜਾਂ ਠੱਗੀ ਹੋਈ ਜੀਵ ਇਸਤ੍ਰੀਏ!।ਖਬਰਿ ਨ ਪਾਈਆ–ਪਤਾ ਹੀ ਨਹੀਂ।ਮਸਤਕਿ–ਮੱਥੇ ਉਤੇ।ਲਿਖਿਅੜਾ–ਲਿਖਿਆ ਗਿਆ।ਪੁਰਬਿ–ਪਿਛਲੇ ਜਨਮਾਂ ਵਿਚ।ਕਿਆ ਜਾਣਾ–ਮੈਂ ਕੀ ਜਾਣਾਂ; ਮੈਨੂੰ ਕੀ ਪਤਾ?।ਕਿਆ ਹੋਸੀ–ਕੀ ਹੋਵੇਗਾ?।ਗੁਣੀ–ਗੁਣਵਾਨ।ਅਚਾਰਿ–ਉਚੇ ਆਚਰਨ ਵਾਲੀ।ਰੰਗਿ ਰਾਤੀ–ਪ੍ਰਭੂ ਦੇ ਪ੍ਰੇਮ ਵਿਚ ਰੰਗੀ

ਹੋਈ। ਬਹਿ ਬਹਿ–ਬੈਠ ਬੈਠ ਕੇ। ਰੋਸੀ–ਰੋਵੇਗੀ। ਜੋਬਨੁ–ਜੁਆਨੀ। ਆਕ–ਅੱਕ। ਛਾਇਆ–ਛਾਂ। ਬਿਰਧਿ ਭਏ–ਬੁੱਢੇ ਹੋਣ ਤੇ। ਪੁੰਨਿਆ –ਪੂਰੇ ਹੋ ਗਏ। ਦੋਹਾਗਣਿ–ਪਤੀ ਦੀ ਛੱਡੀ ਹੋਈ ਇਸਤ੍ਰੀ; ਖੋਟੇ ਭਾਗਾਂ ਵਾਲੀ। ਛੂਟੀ–ਛੱਡੀ ਹੋਈ। ਵਿਛੁੰਨਿਆ–ਵਿਛੜ ਗਈ। ਝੂਠਿ– ਝੂਠ ਵਿਚ ਲੱਗ ਕੇ।੧। ਬੂਡੀ–ਹੇ ਡੁੱਬੀ ਹੋਈਏ ! । ਘਾਲਿਓ–ਤਬਾਹ ਕਰ ਲਿਆ। ਭਾਇ–ਭਾਣੇ (ਮਰਜੀ) ਅਨੁਸਾਰ। ਚਲੋ–ਚੱਲ। ਸੁਖਿ –ਸੁਖ ਨਾਲ। ਪਾਵਹਿ–ਪ੍ਰਾਪਤ ਕਰ ਲਵੇਂਗੀ। ਮਹਲੋ (ਮਹਲੁ)–ਪ੍ਰਭੂ ਦਾ ਮਹਿਲ। ਤਾ–ਤਾਂ। ਪੇਈਅੜੈ–ਸੰਸਾਰ ਰੂਪ ਪੇਕੇ ਘਰ ਵਿਚ। ਚਾਰੇ–ਚਾਰ (ਬਹੁਤ ਥੋੜੇ)। ਨਿਜ ਘਰਿ–ਅਪਣੇ ਅਸਲੀ ਘਰ ਵਿਚ। ਜਾਇ ਬਹੈ–ਜਾ ਬੈਠਦੀ ਹੈ। ਸਚੁ–ਸੱਚੇ ਪਤੀ ਪ੍ਰਭੂ ਨੂੰ। ਅਨਦਿਨ– ਹਰ ਰੋਜ। ਵਿਣੁ–ਬਿਨਾ। ਨ ਹੋਵੀ–ਨਹੀਂ ਹੁੰਦਾ। ਸਬਾਏ–ਸਾਰੇ। ਸਰਸੀ–ਅਨੰਦ ਪ੍ਰਸੰਨ ਹੋ ਕੇ। ਰਾਤੀ–ਰੰਗੀ ਜਾਵੇ। ਸਾਚੈ ਨਾਏ–ਸੱਚੇ ਪ੍ਰਭੂ ਦੇ ਨਾਮ ਵਿਚ।੨। ਧਨੁ–ਇਸਤ੍ਰੀ। ਭਾਵੈ–ਭਾਵਨਾ ਹੋਵੇ; ਪਿਆਰਾ ਲਗਦਾ ਹੈ। ਤਾ–ਤਾਂ। ਨਾਰੀ–ਇਸਤ੍ਰੀ। ਰੰਗਿ ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ। ਸਬਦਿ–ਸ਼ਬਦ ਵਿਚ ਜੁੜ ਕੇ। ਵੀਚਾਰੀ–ਵਿਚਾਰਵਾਨ। ਨਾਹ–ਪਤੀ। ਨਿਵਿ ਨਿਵਿ–ਝੁਕ ਝੁਕ ਕੇ। ਕਰੇਈ– ਕਰਦੀ ਹੈ। ਜਲਾਏ–ਸਾੜ ਦੇਂਦਾ ਹੈ। ਰਸ ਮਹਿ–ਨਾਮ ਰਸ ਵਿਚ। ਰੰਗੁ ਕਰੇਈ–ਅਨੰਦ ਮਾਣਦੀ ਹੈ। ਸੇਤੀ–ਨਾਲ। ਰੰਗੇਤੀ–ਰੰਗੀ ਹੋਈ। ਲਾਲ ਭਈ–ਲਾਲ ਰੰਗ ਵਾਲੀ (ਸੋਹਣੀ ਜਾਂ ਪ੍ਰੇਮਣ) ਹੋ ਗਈ। ਮਾਰੀ–ਮਾਰ ਕੇ। ਸਾਚਿ–ਸੱਚ ਸਰੂਪ ਪ੍ਰਭੂ ਵਿਚ।੩।

ਪਿਰ ਘਰਿ ਸੋਹੈ ਨਾਰਿ, ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ, ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ, ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ, ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ, ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ, ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ, ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ, ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ, ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ, ਤਿਸੁ ਰਾਵੇ ਰੰਗਿ ਰਾਤੀ ॥(ਹੇ ਭਾਈ! ਉਹ) ਜੀਵ ਰੂਪ ਇਸਤ੍ਰੀ ਪਤੀ ਪ੍ਰਭੂ ਦੇ ਘਰ ਵਿਚ ਸੋਭਾ ਪਾਉਂਦੀ ਹੈ, ਜਿਹੜੀ ਪਤੀ ਪ੍ਰਭੂ ਨੂੰ ਪਸੰਦ ਆ ਜਾਂਦੀ ਹੈ। (ਜੇ ਦਿਲੋਂ ਪਿਆਰ ਨਾ ਹੋਵੇ, ਪਰ ਜੀਵ ਰੂਪ ਇਸਤ੍ਰੀ) ਝੂਠੇ ਬਚਨ ਬੋਲੇ (ਕਿ ਮੈਨੂੰ ਪਤੀ ਨਾਲ ਬਹੁਤ ਪਿਆਰ ਹੈ, ਉਸ ਦੇ ਬਚਨ ਕਿਸੇ) ਕੰਮ ਨਹੀਂ ਆਉਂਦੇ। ਜੋ ਝੂਠ ਬੋਲਦੀ ਹੈ, (ਉਹ ਪਤੀ ਦੇ) ਕੰਮ ਨਹੀਂ ਆਉਂਦੀ (ਪਤੀ ਉਸ ਨੂੰ ਪ੍ਰਵਾਨ ਨਹੀਂ ਕਰਦਾ, ਉਹ) ਪਤੀ ਪ੍ਰਭੂ ਨੂੰ ਅੱਖਾਂ ਨਾਲ ਦੇਖ ਨਹੀਂ ਸਕਦੀ। (ਅਜੇਹੇ) ਔਗਣਾਂ ਵਾਲੀ ਜੀਵ ਇਸਤ੍ਰੀ ਨੂੰ ਪਤੀ ਪ੍ਰਭੂ ਨੇ ਭੁਲਾ ਦਿਤਾ ਹੈ, (ਉਸ) ਛੱਡੀ ਹੋਈ ਜੀਵ ਇਸਤ੍ਰੀ ਦੀ ਜੀਵਨ ਰੂਪ ਰਾਤ ਦੁਖਾਂ ਨਾਲ ਬੀਤਦੀ ਹੈ; ਪਤੀ ਤੋਂ ਬਿਨਾ ਬੀਤਦੀ ਹੈ। ਮੋਹ ਦੇ ਫੰਧੇ ਵਿਚ ਫਸੀ ਹੋਈ ਉਹ ਜੀਵ ਇਸਤ੍ਰੀ ਗੁਰੂ ਦੇ ਸ਼ਬਦ ਨੂੰ ਨਹੀਂ ਮੰਨਦੀ, (ਜਿਸ ਕਰਕੇ ਉਹ) ਪਤੀ ਪ੍ਰਭੂ ਦਾ ਮਹਿਲ ਨਹੀਂ ਪਾ ਸਕਦੀ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਉਹ ਗੁਰੂ ਦੀ ਸ਼ਰਣ ਵਿਚ ਪੈ ਕੇ ਅਪਣੇ ਅਸਲੇ ਨੂੰ ਪਛਾਣ ਲਵੇ ਤਾਂ ਆਤਮ ਗਿਆਨ ਦੇ ਕੁਦਰਤੀ ਸੁਖ ਵਿਚ ਸਮਾ (ਟਿਕ) ਸਕਦੀ ਹੈ।੪। ਉਹ ਸੁਹਾਗਣ ਧੰਨਤਾ ਦੇ ਯੋਗ ਹੈ, ਜਿਸ ਨੇ ਪਤੀ ਪ੍ਰਮੇਸਰ ਨੂੰ ਜਾਣ ਲਿਆ ਹੈ। ਨਾਮ ਸਿਮਰਨ ਤੋਂ ਬਿਨਾ ਜੀਵ ਇਸਤ੍ਰੀ ਝੂਠੀ ਹੈ, (ਉਹ) ਝੂਠ ਹੀ ਕਮਾਉਂਦੀ ਹੈ। (ਜੋ ਜੀਵ ਇਸਤ੍ਰੀ) ਹਰੀ ਦੀ ਭਗਤੀ ਕਰਦੀ ਹੈ, ਉਹ ਸੋਹਣੀ ਹੈ, (ਉਹ) ਪ੍ਰੇਮਾ ਭਗਤੀ ਵਿਚ ਰੰਗੀ ਹੋਣ ਕਰਕੇ ਸੱਚੇ ਪ੍ਰਭੂ ਨੂੰ ਚੰਗੀ ਲਗਦੀ ਹੈ। ਚੜ੍ਹਦੀ ਜਵਾਨੀ ਵਾਲਾ ਪਤੀ ਪ੍ਰਭੂ ਅਨੰਦ ਦਾ ਸੋਮਾ ਹੈ, ਪ੍ਰੇਮ ਵਿਚ ਰੰਗੀ ਜੀਵ ਇਸਤ੍ਰੀ ਉਸ ਨੂੰ ਭੋਗਦੀ ਹੈ।

ਅੰਗ ੬੯੦ = ਗੁਰ ਸਬਦਿ ਵਿਗਾਸੀ ਸਹੁ ਰਾਵਾਸੀ, ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ, ਪਿਰ ਘਰਿ ਸੋਹੈ ਨਾਰੀ ॥੫॥੩॥(ਉਹ) ਗੁਰੂ ਦੇ ਸ਼ਬਦ ਵਿਚ ਜੁੜ ਕੇ ਖੁਸ਼ ਹੋਈ ਪਤੀ ਨੂੰ ਭੋਗਦੀ ਹੈ, (ਉਸ ਨੇ) ਗੁਣ ਪੈਦਾ ਕਰਨ ਵਾਲਾ ਫਲ ਗਿਆਨ ਪਾ ਲਿਆ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਅਜੇਹੀ) ਜੀਵ ਇਸਤ੍ਰੀ ਪਤੀ ਪ੍ਰਮੇਸਰ ਦੇ ਘਰ ਵਿਚ ਸੋਭਾ ਪਾਉਂਦੀ ਹੈ ਅਤੇ (ਉਸ ਨੂੰ) ਸੱਚ ਰੂਪ ਵਡਿਆਈ ਮਿਲਦੀ ਹੈ।੫।੩।

ਪਦਾਰਥ = ਪਿਰ ਘਰਿ–ਪਤੀ ਦੇ ਘਰ ਵਿਚ। ਸੋਹੈ–ਸੋਭਾ ਪਾਉਂਦੀ ਹੈ। ਨਾਰਿ–ਇਸਤ੍ਰੀ। ਪਿਰ ਭਾਵਏ–ਪਤੀ ਨੂੰ ਪਸੰਦ ਆ ਜਾਵੇ। ਵੈਣ –ਬਚਨ; ਬੋਲ। ਚਵੇ–ਬੋਲੇ। ਕਾਮਿ ਨ ਆਵਏ–ਕੰਮ ਨਹੀਂ ਆਉਂਦੇ। ਅਲਾਵੈ–ਬੋਲਦੀ ਹੈ। ਨੈਣੀ–ਅੱਖਾਂ ਨਾਲ। ਅਵਗੁਣਿਆਰੀ– ਔਗਣਾਂ ਵਾਲੀ। ਕੰਤਿ–ਪਤੀ ਨੇ। ਵਿਸਾਰੀ–ਭੁਲਾ ਦਿਤੀ। ਛੂਟੀ–(ਪਤੀ ਦੀ) ਛਡੀ ਹੋਈ (ਛੁੱਟੜ)। ਵਿਧਣ–ਦੁਖਾਂ ਨਾਲ; ਬਿਨਾ ਪਤੀ ਦੇ। ਰੈਣੀ–ਜੀਵਨ ਰੂਪ ਰਾਤ। ਨ ਮਾਨੈ–ਪ੍ਰਵਾਨ (ਯਕੀਨ) ਨਹੀਂ ਕਰਦੀ; ਸਮਝਦੀ ਨਹੀਂ। ਫਾਹੀ ਫਾਥੀ–(ਮੋਹ ਦੇ) ਫੰਧੇ ਵਿਚ ਫਸੀ ਹੈ। ਸਾ ਧਨ–ਉਹ ਜੀਵ ਇਸਤ੍ਰੀ। ਮਹਲੁ–ਪ੍ਰਭੂ ਦਾ ਮਹਿਲ (ਸਚਖੰਡ ਦਰਬਾਰ)। ਆਪੇ ਆਪੁ–ਅਪਣੇ ਆਪ ਨੂੰ; ਅਪਣੇ ਅਸਲੇ ਨੂੰ। ਗੁਰਮੁਖਿ–ਗੁਰੂ ਦੀ ਸਰਣ ਵਿਚ ਪੈ ਕੇ। ਸਹਜਿ–ਆਤਮ ਗਿਆਨ ਦੇ ਕੁਦਰਤੀ ਸੁਖ ਵਿਚ। ਸਮਾਏ–ਸਮਾ (ਟਿਕ) ਜਾਂਦੀ ਹੈ।੪। ਧਨੁ– ਧੰਨਤਾ ਦੇ ਯੋਗ। ਜਿਨਿ–ਜਿਸ ਨੇ। ਕੂੜਿਆਰਿ–ਝੂਠੀ। ਸੁਹਾਵੀ–ਸੋਹਣੀ। ਸਾਚੇ–ਸੱਚੇ ਪ੍ਰਭੂ ਨੂੰ। ਭਾਵੀ–ਚੰਗੀ ਲਗਦੀ ਹੈ। ਭਾਇ ਭਗਤਿ –ਪ੍ਰੇਮਾ ਭਗਤੀ। ਰਲੀਆਲਾ–ਅਨੰਦ ਦਾ ਸੋਮਾ। ਜੋਬਨ ਬਾਲਾ–ਚੜ੍ਹਦੀ ਜਵਾਨੀ ਵਾਲਾ। ਰਾਵੇ–ਭੋਗਦੀ ਹੈ; ਅਨੰਦ ਮਾਣਦੀ ਹੈ। ਸਹੁ– ਪਤੀ। ਵਿਗਾਸੀ–ਖੁਸ਼ ਹੋਈ। ਰੰਗਿ ਰਾਤੀ–ਪ੍ਰੇਮ ਵਿਚ ਰੰਗੀ ਹੋਈ। ਫਲ ਗੁਣਕਾਰੀ–ਗੁਣ ਪੈਦਾ ਕਰਨ ਵਾਲਾ ਫਲ।੫।੩।

ਧਨਾਸਰੀ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਹਰਿ ਜੀਉ ਕ੍ਰਿਪਾ ਕਰੇ, ਤਾ ਨਾਮੁ ਧਿਆਈਐ ਜੀਉ ॥ ਸਤਿਗੁਰੁ

ਮਿਲੈ ਸੁਭਾਇ, ਸਹਜਿ ਗੁਣ ਗਾਈਐ ਜੀਉ ॥ ਗੁਣ ਗਾਇ ਵਿਗਸੈ ਸਦਾ ਅਨਦਿਨੁ ,ਜਾ ਆਪਿ ਸਾਚੇ ਭਾਵਏ ॥ ਅਹੰਕਾਰੁ ਹਉਮੈ ਤਜੈ ਮਾਇਆ, ਸਹਜਿ ਨਾਮਿ ਸਮਾਵਏ ॥ ਆਪਿ ਕਰਤਾ ਕਰੇ ਸੋਈ, ਆਪਿ ਦੇਇ ਤ ਪਾਈਐ ॥ ਹਰਿ ਜੀਉ ਕ੍ਰਿਪਾ ਕਰੇ, ਤਾ ਨਾਮੁ ਧਿਆਈਐ ਜੀਉ ॥੧॥ ਅੰਦਰਿ ਸਾਚਾ ਨੇਹੁ ,ਪੂਰੇ ਸਤਿਗੁਰੈ ਜੀਉ ॥ ਹਉ ਤਿਸੁ ਸੇਵੀ ਦਿਨ ਰਾਤਿ, ਮੈ ਕਦੇ ਨ ਵੀਸਰੈ ਜੀਉ ॥ ਕਦੇ ਨ ਵਿਸਾਰੀ ਅਨਦਿਨੁ ਸਮ੍ਾਰੀ, ਜਾ ਨਾਮੁ ਲਈ ਤਾ ਜੀਵਾ ॥ ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ, ਗੁਰਮੁਖਿ ਅੰਮ੍ਰਿਤੁ ਪੀਵਾ ॥ ਨਦਰਿ ਕਰੇ ਤਾ ਸਤਿਗੁਰੁ ਮੇਲੇ, ਅਨਦਿਨੁ ਬਿਬੇਕ ਬੁਧਿ ਬਿਚਰੈ ॥ ਅੰਦਰਿ ਸਾਚਾ ਨੇਹੁ ,ਪੂਰੇ ਸਤਿਗੁਰੈ ॥੨॥ ਸਤਸੰਗਤਿ ਮਿਲੈ ਵਡਭਾਗਿ, ਤਾ ਹਰਿ ਰਸੁ ਆਵਏ ਜੀਉ ॥ ਅਨਦਿਨੁ ਰਹੈ ਲਿਵ ਲਾਇ, ਤ ਸਹਜਿ ਸਮਾਵਏ ਜੀਉ ॥ ਸਹਜਿ ਸਮਾਵੈ ਤਾ ਹਰਿ ਮਨਿ ਭਾਵੈ, ਸਦਾ ਅਤੀਤੁ ਬੈਰਾਗੀ ॥ ਹਲਤਿ ਪਲਤਿ ਸੋਭਾ ਜਗ ਅੰਤਰਿ, ਰਾਮ ਨਾਮਿ ਲਿਵ ਲਾਗੀ ॥ ਹਰਖ ਸੋਗ ਦੁਹਾ ਤੇ ਮੁਕਤਾ, ਜੋ ਪ੍ਰਭੁ ਕਰੇ ਸੁ ਭਾਵਏ ॥ ਸਤਸੰਗਤਿ ਮਿਲੈ ਵਡਭਾਗਿ, ਤਾ ਹਰਿ ਰਸੁ ਆਵਏ ਜੀਉ ॥੩॥(ਹੇ ਭਾਈ! ਜਦ) ਪ੍ਰਭੂ ਜੀ ਕ੍ਰਿਪਾ ਕਰੇ ਤਾਂ (ਉਸ ਦਾ) ਨਾਮ ਸਿਮਰਿਆ ਜਾ ਸਕਦਾ ਹੈ।(ਜੇ ਮਨੁੱਖ ਨੂੰ) ਸ੍ਰੇਸਟ ਭਾਵਨਾ ਕਰਕੇ ਸਤਿਗੁਰੂ ਮਿਲ ਪਵੇ, ਤਾਂ ਸੁਭਾਵਕ ਹੀ ਹਰੀ ਦੇ ਗੁਣ ਗਾਏ ਜਾਂਦੇ ਹਨ।ਜਦੋਂ ਸੱਚੇ ਪ੍ਰਭੂ ਨੂੰ ਆਪ ਚੰਗਾ ਲੱਗੇ, ਤਾਂ (ਮਨੁੱਖ) ਹਰ ਰੋਜ ਸਦਾ ਹਰੀ ਦੇ ਗੁਣ ਗਾ ਕੇ ਪ੍ਰਸੰਨ ਰਹਿੰਦਾ ਹੈ।(ਫਿਰ ਉਹ ਜਾਤ ਦਾ) ਹੰਕਾਰ ਤੇ ਮਾਇਆ ਦੀ ਹਉਮੈ ਛਡ ਦਿੰਦਾ ਹੈ ਅਤੇ ਸੁਭਾਵਕ ਹੀ ਨਾਮ ਵਿਚ ਲੀਨ ਹੋ ਜਾਂਦਾ ਹੈ।ਉਹ ਕਰਤਾਰ ਆਪ ਹੀ ਸਭ ਕੁਛ ਕਰਦਾ ਹੈ, (ਜਦ ਉਹ ਗੁਰੂ ਰੂਪ ਹੋ ਕੇ ਨਾਮ ਦੀ ਦਾਤ) ਆਪ ਦੇਂਦਾ ਹੈ ਤਾਂ ਪ੍ਰਾਪਤ ਹੁੰਦੀ ਹੈ।ਜੇ ਪ੍ਰਭੂ ਜੀ ਕ੍ਰਿਪਾ ਕਰੇ ਤਾਂ ਨਾਮ ਸਿਮਰਿਆ ਜਾਂਦਾ ਹੈ।੧।(ਹੇ ਭਾਈ! ਮੇਰੇ) ਹਿਰਦੇ ਅੰਦਰ ਪੂਰੇ ਸਤਿਗੁਰੂ ਨੇ (ਹਰੀ ਨਾਲ) ਸੱਚਾ ਪ੍ਰੇਮ ਲਗਾ ਦਿਤਾ ਹੈ।ਮੈਂ ਉਸ (ਹਰੀ) ਨੂੰ ਦਿਨ ਰਾਤ ਸਿਮਰਦਾ ਹਾਂ, ਉਹ ਮੈਨੂੰ ਕਦੇ ਵੀ ਭੁਲਦਾ ਨਹੀਂ।(ਮੈਂ ਹਰੀ ਨੂੰ) ਕਦੇ ਨਹੀਂ ਭੁਲਦਾ ,ਹਰ ਰੋਜ ਯਾਦ ਕਰਦਾ ਹਾਂ, ਜਦ ਮੈਂ ਨਾਮ ਲੈਂਦਾ ਹਾਂ ਤਾਂ ਜਿਉਂਦਾ ਹਾਂ।(ਜਦ ਮੈਂ ਉਸ ਦਾ ਜਸ) ਕੰਨਾਂ ਨਾਲ ਸੁਣਦਾ ਹਾਂ ਤਾਂ ਇਹ ਮਨ ਰੱਜ ਜਾਂਦਾ ਹੈ (ਸਭ ਭੁੱਖਾਂ ਮਿਟ ਜਾਂਦੀਆਂ ਹਨ) ਅਤੇ ਗੁਰੂ ਦੁਆਰਾ ਨਾਮ ਰੂਪ ਅੰਮ੍ਰਿਤ ਪੀਂਦਾ ਹਾਂ।(ਜਦ ਪ੍ਰਭੂ) ਮੇਹਰ ਦੀ ਨਜਰ ਕਰਦਾ ਹੈ ਤਾਂ ਸਤਿਗੁਰੂ ਨਾਲ ਮਿਲਾਉਂਦਾ ਹੈ, (ਫਿਰ ਮਨੁੱਖ) ਬਿਬੇਕ ਬੁੱਧੀ ਨਾਲ ਬਿਚਰਦਾ ਹੈ।ਪੂਰੇ ਗੁਰੂ ਨੇ (ਮੇਰੇ) ਹਿਰਦੇ ਅੰਦਰ ਸੱਚਾ ਪ੍ਰੇਮ ਲਗਾ ਦਿਤਾ ਹੈ।੨।ਵੱਡਾ ਭਾਗਾਂ ਨਾਲ (ਜਿਸ ਮਨੁੱਖ ਨੂੰ) ਸਤਸੰਗਤ ਮਿਲ ਜਾਂਦੀ ਹੈ, ਤਾਂ (ਉਸ ਨੂੰ) ਹਰੀ ਦੇ ਨਾਮ ਦਾ ਅਨੰਦ ਆਉਂਦਾ ਹੈ।(ਜਦ ਉਹ) ਹਰ ਰੋਜ ਲਿਵ ਲਾ ਕੇ ਰਹਿੰਦਾ ਹੈ ਤਾਂ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।(ਜਦ ਮਨੁੱਖ) ਸਹਿਜ ਅਵਸਥਾ ਵਿਚ ਸਮਾਉਂਦਾ ਹੈ ਤਾਂ ਹਰੀ ਦੇ ਮਨ ਵਿਚ ਚੰਗਾ ਲਗਦਾ ਹੈ ਅਤੇ (ਉਹ ਮਨੁੱਖ) ਸਦਾ ਤਿਆਗੀ ਤੇ ਮਾਇਆ ਤੋਂ ਉਦਾਸ ਰਹਿੰਦਾ ਹੈ।ਰਾਮ ਦੇ ਨਾਮ ਵਿਚ ਲਿਵ ਲੱਗੀ ਹੋਣ ਕਰਕੇ (ਉਸ ਦੀ) ਲੋਕ ਪ੍ਰਲੋਕ ਸਾਰੇ ਜਗਤ ਦੇ ਅੰਦਰ ਸੋਭਾ ਹੁੰਦੀ ਹੈ।ਉਹ ਖੁਸ਼ੀ ਗਮੀ ਦੋਹਾਂ ਤੋਂ ਮੁਕਤ ਹੋ ਜਾਂਦਾ ਹੈ, ਜੋ ਕੁਝ ਪ੍ਰਭੂ ਕਰਦਾ ਹੈ, (ਉਸ ਨੂੰ ਪ੍ਰਭੂ ਦਾ ਕੀਤਾ) ਚੰਗਾ ਲਗਦਾ ਹੈ।ਵੱਡੇ ਭਾਗਾਂ ਨਾਲ (ਜਿਸ ਮਨੁੱਖ ਨੂੰ) ਸਤਸੰਗਤ ਮਿਲਦੀ ਹੈ, ਤਾਂ (ਉਸ ਨੂੰ) ਹਰੀ ਦੇ ਨਾਮ ਦਾ ਅਨੰਦ ਆਉਂਦਾ ਹੈ।੩।

ਪਦਾਰਥ = ਧਿਆਈਐ–ਸਿਮਰਿਆ ਜਾਂਦਾ ਹੈ।ਸੁਭਾਇ–ਸ੍ਰੇਸਟ ਭਾਵਨਾ ਕਰਕੇ।ਸਹਜਿ–ਸੁਭਾਵਕ ਹੀ।ਗਾਈਐ–ਗਾਏ ਜਾਂਦੇ ਹਨ। ਗਾਇ–ਗਾ ਕੇ।ਵਿਗਸੈ–ਪ੍ਰਸੰਨ ਰਹਿੰਦਾ ਹੈ।ਅਨਦਿਨ–ਹਰ ਰੋਜ।ਜਾ–ਜਦੋਂ।ਸਾਚੇ–ਸੱਚੇ ਪ੍ਰਭੂ ਨੂੰ।ਭਾਵਏ–ਚੰਗਾ ਲੱਗੇ।ਤਜੈ–ਛਡ ਦਿੰਦਾ ਹੈ।ਨਾਮਿ ਸਮਾਵਏ–ਨਾਮ ਵਿਚ ਲੀਨ ਹੋ ਜਾਂਦਾ ਹੈ।ਕਰਤਾ–ਕਰਤਾਰ।ਤਾ–ਤਾਂ।ਦੇਇ–ਦੇਂਦਾ ਹੈ।੧।ਅੰਦਰਿ–ਹਿਰਦੇ ਅੰਦਰ ।ਨੇਹੁ–ਪ੍ਰੇਮ।ਸਤਿਗੁਰੈ–ਸਤਿਗੁਰੂ ਨੇ।ਹਉ–ਮੈਂ।ਤਿਸੁ–ਉਸ ਨੂੰ।ਸੇਵੀ–ਸਿਮਰਦਾ ਹਾਂ।ਨ ਵਿਸਾਰੀ–ਭੁਲਦਾ ਨਹੀਂ।ਅਨਦਿਨੁ–ਹਰ ਰੋਜ।ਸਮ੍ਾਰੀ–ਮੈਂ ਯਾਦ ਕਰਦਾ ਹਾਂ।ਲਈ–ਲੈਂਦਾ (ਜਪਦਾ) ਹਾਂ।ਜੀਵਾ–ਜਿਉਂਦਾ ਹਾਂ।ਸ੍ਰਵਣੀ–ਕੰਨਾਂ ਨਾਲ।ਸੁਣੀ–ਸੁਣਦਾ ਹਾਂ। ਤ੍ਰਿਪਤੈ–ਰੱਜ ਜਾਂਦਾ ਹੈ।ਗੁਰਮੁਖਿ–ਗੁਰੂ ਦੁਆਰਾ।ਪੀਵਾ–ਪੀਂਦਾ ਹਾਂ।ਬਿਬੇਕ ਬੁਧਿ–ਚੰਗਾ ਮੰਦਾ ਪਰਖਣ ਵਾਲੀ ਬੁੱਧੀ।ਬਿਚਰੈ–ਵਿਚਰਦਾ (ਜੀਵਨ ਗੁਜਾਰਦਾ) ਹੈ।੨।ਵਡਭਾਗਿ–ਵੱਡੇ ਭਾਗਾਂ ਨਾਲ।ਰਸੁ–ਅਨੰਦ।ਆਵਏ–ਆਉਂਦਾ ਹੈ।ਲਿਵ ਲਾਇ–ਸੁਰਤ ਜੋੜ ਕੇ।ਸਹਜਿ–ਸਹਿਜ ਅਵਸਥਾ ਵਿਚ।ਸਮਾਵਏ–ਸਮਾ ਜਾਂਦਾ ਹੈ।ਮਨਿ–ਮਨ ਵਿਚ।ਭਾਵੈ–ਚੰਗਾ ਲਗਦਾ ਹੈ।ਅਤੀਤ–ਤਿਆਗੀ; ਵਿਰੱਕਤ।ਬੈਰਾਗੀ–ਉਦਾਸ (ਮੋਹ ਰਹਿਤ ਅਵਸਥਾ)।ਹਲਤਿ–ਇਸ ਲੋਕ ਵਿਚ।ਪਲਤਿ–ਪਰਲੋਕ ਵਿਚ।ਜਗ ਅੰਤਰਿ–ਜਗਤ ਦੇ ਅੰਦਰ।ਹਰਖ ਸੋਗ–ਖੁਸ਼ੀ ਗਮੀ।ਦੁਹਾ ਤੇ–ਦੋਹਾਂ ਤੋਂ।ਮੁਕਤਾ–ਸੁਤੰਤਰ।ਸੁ–ਉਹ।ਭਾਵਏ–ਚੰਗਾ ਲਗਦਾ ਹੈ।੩।

ਦੂਜੈ ਭਾਇ ਦੁਖੁ ਹੋਇ, ਮਨਮੁਖ ਜਮਿ ਜੋਹਿਆ ਜੀਉ ॥ ਹਾਇ ਹਾਇ ਕਰੇ ਦਿਨੁ ਰਾਤਿ. ਮਾਇਆ ਦੁਖਿ ਮੋਹਿਆ ਜੀਉ ॥ ਮਾਇਆ ਦੁਖਿ ਮੋਹਿਆ ਹਉਮੈ ਰੋਹਿਆ, ਮੇਰੀ ਮੇਰੀ ਕਰਤ ਵਿਹਾਵਏ ॥ ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ, ਅੰਤਿ ਗਇਆ ਪਛੁਤਾਵਏ ॥ ਬਿਨੁ ਨਾਵੈ ਕੋ ਸਾਥਿ ਨ ਚਾਲੈ, ਪੁਤ੍ਰ ਕਲਤ੍ਰ ਮਾਇਆ ਧੋਹਿਆ ॥ ਦੂਜੈ ਭਾਇ ਦੁਖੁ ਹੋਇ, ਮਨਮੁਖਿ ਜਮਿ ਜੋਹਿਆ ਜੀਉ ॥੪॥ ਕਰਿ ਕਿਰਪਾ ਲੇਹੁ ਮਿਲਾਇ, ਮਹਲੁ ਹਰਿ ਪਾਇਆ ਜੀਉ ॥ ਸਦਾ ਰਹੈ ਕਰ ਜੋੜਿ, ਪ੍ਰਭੁ ਮਨਿ ਭਾਇਆ ਜੀਉ ॥ ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ, ਹੁਕਮੁ ਮੰਨਿ ਸੁਖੁ ਪਾਇਆ ॥ ਅਨਦਿਨੁ ਜਪਤ ਰਹੈ ਦਿਨੁ ਰਾਤੀ, ਸਹਜੇ ਨਾਮੁ ਧਿਆਇਆ ॥ ਨਾਮੋ ਨਾਮੁ ਮਿਲੀ ਵਡਿਆਈ, ਨਾਨਕ ਨਾਮੁ ਮਨਿ ਭਾਵਏ ॥ ਕਰਿ ਕਿਰਪਾ ਲੇਹੁ ਮਿਲਾਇ, ਮਹਲੁ ਹਰਿ ਪਾਵਏ ਜੀਉ ॥੫॥੧॥ (ਹੇ ਭਾਈ!)

ਦ੍ਵੈਤ ਭਾਵ ਵਿਚ (ਜੰਮਣ ਮਰਨ ਦਾ) ਦੁਖ ਹੁੰਦਾ ਹੈ, (ਅਜੇਹੇ) ਮਨਮੁਖਾਂ ਨੂੰ ਜਮ ਨੇ (ਮਾਰਨ ਵਾਸਤੇ) ਦੇਖਿਆ ਹੈ। ਉਹ ਮਾਇਆ ਦਾ ਮੋਹਿਆ ਦੁਖੀ ਹੋ ਕੇ ਦਿਨ ਰਾਤ ਹਾਇ ਹਾਇ ਕਰਦਾ ਹੈ।(ਮਨਮੁਖ) ਮਾਇਆ ਦਾ ਮੋਹਿਆ ਦੁਖੀ ਹੁੰਦਾ ਹੈ ਅਤੇ ਹਉਮੈ ਵਿਚ ਗੁੱਸੇ ਹੋਇਆ ਮੇਰੀ ਮੇਰੀ ਕਰਦਿਆਂ ਉਮਰ ਗੁਜਾਰਦਾ ਹੈ। ਜਿਹੜਾ ਪ੍ਰਭੂ (ਸਭ ਕੁਝ) ਦੇਂਦਾ ਹੈ, ਉਸ ਨੂੰ ਚੇਤੇ ਨਹੀਂ ਕਰਦਾ, ਅੰਤ ਸਮੇਂ ਪ੍ਰਲੋਕ ਵਿਚ ਗਿਆ ਪਛਤਾਉਂਦਾ ਹੈ।(ਇਹ) ਮਾਇਆ ਦਾ ਠੱਗਿਆ ਹੋਇਆ ਹੈ, ਨਾਮ ਤੋਂ ਬਿਨਾ ਪੁਤ੍ਰ ਇਸਤ੍ਰੀ ਆਦਿ ਕੋਈ ਵੀ ਨਾਲ ਨਹੀਂ ਜਾਂਦਾ। ਦ੍ਵੈਤ ਭਾਵ ਦੇ ਕਾਰਣ (ਉਸ ਨੂੰ) ਦੁਖ ਹੁੰਦਾ ਹੈ, ਮਨਮੁਖਾਂ ਨੂੰ ਜਮ ਨੇ ਅੱਪਣੀ ਤੱਕ ਵਿਚ ਰਖਿਆ ਹੋਇਆ ਹੈ।੪।(ਹੇ ਪ੍ਰਭੂ! ਜਿਸ ਮਨੁੱਖ ਨੂੰ ਤੁਸੀਂ) ਕ੍ਰਿਪਾ ਕਰਕੇ (ਸਤਿਗੁਰੂ ਨਾਲ) ਮਿਲਾ ਲੈਂਦੇ ਹੋ, (ਉਸ ਨੇ) ਹਰੀ ਦਾ ਮਹਿਲ ਪਾ ਲਿਆ ਹੈ।(ਉਹ) ਸਦਾ ਹੱਥ ਜੋੜ ਕੇ (ਗੁਰੂ ਦੇ ਚਰਨਾਂ ਵਿਚ) ਬੇਨਤੀ ਕਰਦਾ ਰਹਿੰਦਾ ਹੈ, (ਉਸ ਨੂੰ ਅਪਣੇ) ਮਨ ਵਿਚ ਪ੍ਰਭੂ ਚੰਗਾ ਲਗਦਾ ਹੈ।(ਜਦ ਮਨੁੱਖ ਦੇ) ਮਨ ਵਿਚ ਪ੍ਰਭੂ ਚੰਗਾ ਲਗਦਾ ਹੈ, ਤਾਂ (ਉਹ ਪ੍ਰਭੂ ਦੇ) ਹੁਕਮ ਵਿਚ ਸਮਾ ਜਾਂਦਾ ਹੈ, (ਉਸ ਨੇ ਪ੍ਰਭੂ ਦਾ) ਹੁਕਮ ਮੰਨ ਕੇ ਆਤਮਕ ਸੁਖ ਪਾਇਆ ਹੈ।(ਉਹ) ਹਰ ਰੋਜ ਦਿਨ ਰਾਤ ਪ੍ਰਭੂ ਦਾ ਨਾਮ ਜਪਦਾ ਰਹਿੰਦਾ ਹੈ, (ਉਸ ਨੇ ਮਨ ਕਰਕੇ ਵੀ) ਨਿਰਯਤਨ ਨਾਮ ਸਿਮਰਿਆ ਹੈ (ਜਪਣ ਲਈ ਹਠ ਨਹੀਂ ਕਰਨਾ ਪਿਆ)। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਜਪ ਕੇ (ਉਸ ਨੂੰ) ਨਾਮ ਰੂਪ ਵਡਿਆਈ ਮਿਲੀ ਹੈ, (ਉਸ ਦੇ) ਮਨ ਵਿਚ ਨਾਮ ਜਪਣਾ ਚੰਗਾ ਲਗਦਾ ਹੈ।(ਹੇ ਪ੍ਰਭੂ! ਜਿਸ ਮਨੁੱਖ ਨੂੰ ਤੁਸੀਂ) ਕ੍ਰਿਪਾ ਕਰਕੇ ਅਪਣੇ ਨਾਲ ਮਿਲਾ ਲੈਂਦੇ ਹੋ, ਉਹ ਹਰੀ ਦਾ ਮਹਿਲ ਪਾ ਲੈਂਦਾ ਹੈ।੫।੧।

ਪਦਾਰਥ = ਦੂਜੈ ਭਾਇ–ਦ੍ਵੈਤ ਭਾਵ ਵਿਚ। ਜਮਿ–ਜਮ (ਮੌਤ) ਨੇ। ਮਨਮੁਖ–ਗੁਰੂ ਤੋਂ ਬੇਮੁਖ ਬੰਦਾ। ਜੋਹਿਆ–ਤਾੜ ਵਿਚ ਰੱਖਿਆ ਹੈ। ਮੋਹਿਆ–ਮੋਹਿਤ ਹੋਇਆ; ਫਸਿਆ ਹੋਇਆ। ਰੋਹਿਆ–ਗੁੱਸੇ ਹੋਇਆ। ਕਰਤ–ਕਰਦਿਆਂ। ਵਿਹਾਵਏ–ਗੁਜਾਰਦਾ ਹੈ। ਦੇਇ–ਦੇਂਦਾ ਹੈ। ਤਿਸੁ–ਉਸ ਨੂੰ। ਚੇਤੈ ਨਾਹੀ–ਯਾਦ ਨਹੀਂ ਕਰਦਾ। ਬਿਨੁ ਨਾਵੈ–ਨਾਮ ਤੋਂ ਬਿਨਾ। ਕੋ–ਕੋਈ। ਕਲਤ੍ਰ–ਇਸਤ੍ਰੀ। ਧੋਹਿਆ–ਠੱਗਿਆ ਹੈ।੪। ਕਰਿ–ਕਰ ਕੇ। ਲੇਹੁ ਮਿਲਾਇ–ਮਿਲਾ ਲੈਂਦਾ ਹੈਂ। ਮਹਲੁ–ਪ੍ਰਭੂ ਦਾ ਮਹਿਲ। ਕਰ ਜੋੜਿ–ਹੱਥ ਜੋੜ ਕੇ। ਮਨਿ–ਮਨ ਵਿਚ। ਭਾਇਆ–ਚੰਗਾ ਲਗਦਾ ਹੈ। ਭਾਵੈ–ਚੰਗਾ ਜਾਂ ਪਿਆਰਾ ਲਗਦਾ ਹੈ। ਤਾ–ਤਾਂ; ਤਦ। ਹੁਕਮਿ–ਹੁਕਮ ਵਿਚ। ਸਮਾਵੈ–ਸਮਾ ਜਾਂਦਾ ਹੈ। ਮੰਨਿ–ਮੰਨ ਕੇ। ਅਨਦਿਨੁ–ਹਰ ਰੋਜ। ਸਹਜੇ–ਨਿਰਯਤਨ; ਸੁਤੇ ਸਿੱਧ। ਭਾਵਏ–ਚੰਗਾ ਲਗਦਾ ਹੈ।੫।੧।

ਅੰਗ ੬੯੧ = ਧਨਾਸਰੀ ਮਹਲਾ ੫ ਛੰਤ ੧ੴ ਸਤਿਗੁਰ ਪ੍ਰਸਾਦਿ ॥ ਸਤਿਗੁਰ ਦੀਨ ਦਇਆਲ, ਜਿਸੁ ਸੰਗਿ ਹਰਿ ਗਾਵੀਐ ਜੀਉ ॥ ਅੰਮ੍ਰਿਤੁ ਹਰਿ ਕਾ ਨਾਮੁ ,ਸਾਧ ਸੰਗਿ ਰਾਵੀਐ ਜੀਉ ॥ ਭਜੁ ਸੰਗਿ ਸਾਧੂ ਇਕੁ ਅਰਾਧੂ ,ਜਨਮ ਮਰਨ ਦੁਖ ਨਾਸਏ ॥ ਧੁਰਿ ਕਰਮੁ ਲਿਖਿਆ ਸਾਚੁ ਸਿਖਿਆ, ਕਟੀ ਜਮ ਕੀ ਫਾਸਏ ॥ ਭੈ ਭਰਮੁ ਨਾਠੇ ਛੁਟੀ ਗਾਠੇ, ਜਮ ਪੰਥਿ ਮੂਲਿ ਨ ਆਵੀਐ ॥ ਬਿਨਵੰਤਿ ਨਾਨਕ ਧਾਰਿ ਕਿਰਪਾ, ਸਦਾ ਹਰਿ ਗੁਣ ਗਾਵੀਐ ॥੧॥ ਨਿਧਰਿਆ ਧਰ ਏਕੁ ,ਨਾਮੁ ਨਿਰੰਜਨੋ ਜੀਉ ॥ ਤੂ ਦਾਤਾ ਦਾਤਾਰੁ ,ਸਰਬ ਦੁਖ ਭੰਜਨੋ ਜੀਉ ॥ ਦੁਖ ਹਰਤ ਕਰਤਾ ਸੁਖਹ ਸੁਆਮੀ, ਸਰਣਿ ਸਾਧੂ ਆਇਆ ॥ ਸੰਸਾਰੁ ਸਾਗਰੁ ਮਹਾ ਬਿਖੜਾ, ਪਲ ਏਕ ਮਾਹਿ ਤਰਾਇਆ ॥ ਪੂਰਿ ਰਹਿਆ ਸਰਬ ਥਾਈ, ਗੁਰ ਗਿਆਨੁ ਨੇਤ੍ਰੀ ਅੰਜਨੋ ॥ ਬਿਨਵੰਤਿ ਨਾਨਕ ਸਦਾ ਸਿਮਰੀ, ਸਰਬ ਦੁਖ ਭੈ ਭੰਜਨੋ ॥੨॥ (ਹੇ ਭਾਈ!) ਸਤਿਗੁਰੂ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜਿਸ ਦੀ ਸੰਗਤ ਵਿਚ ਹਰੀ ਦਾ ਜਸ ਗਾਇਆ ਜਾਂਦਾ ਹੈ ਜੀ। ਹਰੀ ਦਾ ਅੰਮ੍ਰਿਤ ਨਾਮ (ਗੁਰੂ ਦੀ) ਸਾਧ ਸੰਗਤ ਵਿਚ ਮਿਲ ਕੇ ਸਿਮਰੀਦਾ ਹੈ ਜੀ।(ਹੇ ਭਾਈ! ਤੂੰ) ਸਾਧ ਸੰਗਤ ਵਿਚ (ਹਰੀ ਦੇ ਨਾਮ ਦਾ) ਭਜਨ ਕਰ, (ਮਨ ਕਰਕੇ ਵੀ) ਇਕ ਪ੍ਰਭੂ ਦੀ ਅਰਾਧਨਾ ਕਰ, (ਇਸ ਤਰ੍ਹਾਂ ਤੇਰੇ) ਜਨਮ ਮਰਨ ਦੇ ਦੁਖ ਨਾਸ਼ ਹੋ ਜਾਣਗੇ।(ਜਿਸ ਮਨੁੱਖ ਦੇ ਮੱਥੇ ਤੇ) ਧੁਰ ਤੋਂ ਚੰਗਾ ਭਾਗ ਲਿਖਿਆ ਹੁੰਦਾ ਹੈ, (ਉਸ ਨੂੰ ਗੁਰੂ ਕੋਲੋਂ) ਸੱਚੀ ਸਿਖਿਆ ਮਿਲਦੀ ਹੈ; (ਨਾਮ ਜਪਣਾ) ਸਿਖਿਆ ਹੈ, (ਇਸ ਤਰ੍ਹਾਂ ਉਸ ਦੀ) ਜਮ ਦੀ ਫਾਹੀ ਕੱਟੀ ਜਾਂਦੀ ਹੈ।(ਹਰੀ ਦਾ ਨਾਮ ਜਪਣ ਨਾਲ ਉਸ ਦੇ) ਡਰ ਤੇ ਭਰਮ ਨੱਠ ਗਏ ਤੇ ਮਾਇਆ ਦੀ ਗੰਢ ਖੁਲ੍ਹ ਗਈ, (ਜਿਸ ਕਰਕੇ ਉਹ) ਜਮ ਦੇ ਰਸਤੇ ਉੱਕਾ ਹੀ ਨਹੀਂ ਆਉਂਦਾ। ਨਾਨਕ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਸਾਡੇ ਉਤੇ ਕ੍ਰਿਪਾ ਕਰ, ਅਸੀਂ ਸਦਾ ਤੇਰੇ ਗੁਣ ਗਾਉਂਦੇ ਰਹੀਏ।੧।(ਹੇ ਪ੍ਰਭੂ!) ਮਾਇਆ ਤੋਂ ਨਿਰਲੇਪ ਤੇਰਾ ਇਕ ਨਾਮ ਨਿਆਸਰਿਆਂ ਦਾ ਆਸਰਾ ਹੈ ਜੀ। ਤੂੰ ਦਾਤਾਂ ਦੇਣ ਵਾਲਾ ਹੈਂ ਅਤੇ ਸਾਰੇ ਦੁੱਖ ਨਾਸ਼ ਕਰਨ ਵਾਲਾ ਹੈਂ ਜੀ। ਹੇ ਦੁੱਖ ਦੂਰ ਕਰਨ ਵਾਲੇ! ਹੇ ਰਚਨਹਾਰ ਪ੍ਰਭੂ! ਹੇ ਸੁੱਖਾਂ ਦੇ ਮਾਲਕ! (ਜਿਹੜਾ ਮਨੁੱਖ) ਸਾਧੂ ਗੁਰੂ ਦੀ ਸਰਣ ਵਿਚ ਆਇਆ ਹੈ।(ਉਸ ਨੂੰ) ਸੰਸਾਰ ਸਮੁੰਦਰ ਤੋਂ ਜੋ ਤਰਨਾ ਬਹੁਤ ਮੁਸ਼ਕਲ ਹੈ, ਇਕ ਪਲ ਵਿਚ ਤਾਰ ਦਿਤਾ ਹੈ। ਗੁਰੂ ਦਾ ਗਿਆਨ ਰੂਪ ਸੁਰਮਾ (ਜਿਸ ਮਨੁੱਖ ਦੀਆਂ) ਅੱਖਾਂ ਵਿਚ ਪੈਂ ਜਾਂਦਾ ਹੈ, (ਉਸ ਨੂੰ) ਹਰੀ ਸਭ ਥਾਂ ਪੂਰਨ ਹੋ ਰਿਹਾ ਨਜਰ ਆਉਂਦਾ ਹੈ। ਨਾਨਕ ਬੇਨਤੀ ਕਰਦਾ ਹੈ ਕਿ ਹੇ ਸਾਰੇ ਦੁਖ ਨਾਸ਼ ਕਰਨ ਵਾਲੇ ਪ੍ਰਭੂ! (ਮੇਰੇ ਤੇ ਕ੍ਰਿਪਾ ਕਰ, ਮੈਂ ਤੇਰਾ ਨਾਮ) ਸਦਾ ਸਿਮਰਦਾ ਰਹਾਂ।੨।

ਪਦਾਰਥ = ਦੀਨ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ। ਜਿਸੁ ਸੰਗਿ–ਜਿਸ ਦੀ ਸੰਗਤ ਵਿਚ। ਗਾਵੀਐ–ਗਾਇਆ ਜਾਂਦਾ ਹੈ; ਗਾਈਏ। ਰਾਵੀਐ–ਸਿਮਰੀਦਾ ਹੈ। ਭਜੁ–ਭਜਨ ਕਰ। ਇਕੁ ਅਰਾਧੂ–ਇਕ ਪ੍ਰਭੂ ਨੂੰ ਅਰਾਧਣ ਵਾਲਾ ਬਣ; ਇਕ ਨੂੰ ਸਿਮਰੋ। ਨਾਸਏ–ਨਾਸ਼ ਹੋ ਜਾਂਦੇ ਹਨ। ਧੁਰਿ–ਧੁਰ ਰੱਬ ਦੀ ਹਜੂਰੀ ਤੋਂ। ਕਰਮੁ–ਭਾਗ (ਕਿਸਮਤ)। ਸਿਖਿਆ–ਉਪਦੇਸ਼; ਸਿੱਖ ਲਿਆ ਹੈ।

ਫਾਸਏ-ਫਾਹੀ।ਛੂਟੀ ਗਾਠੇ-ਗੰਢ ਖੁਲ੍ਹ ਗਈ।ਜਮ ਪੰਥਿ-ਜਮ ਦੇ ਰਸਤੇ ਉਤੇ।ਮੂਲਿ-ਉੱਕਾ ਹੀ।ਨ ਆਵੀਐ-ਨਹੀਂ ਆਉਂਦਾ। ਬਿਨਵੰਤਿ-ਬੇਨਤੀ ਕਰਦਾ ਹੈ।ਧਾਰਿ-ਕਰ।੧।ਨਿਧਰਿਆ-ਨਿਆਸਰਿਆਂ ਦਾ।ਧਰ-ਆਸਰਾ।ਨਿਰੰਜਨੋ-ਮਾਇਆ ਤੋਂ ਨਿਰਲੇਪ। ਸਰਬ-ਸਾਰੇ।ਭੰਜਨੋ-ਨਾਸ਼ ਕਰਨ ਵਾਲਾ।ਹਰਤ-ਦੂਰ ਕਰਨ ਵਾਲਾ।ਕਰਤਾ-ਸਭ ਨੂੰ ਪੈਦਾ ਕਰਨ ਵਾਲਾ।ਸੁਖਹ ਸੁਆਮੀ-ਹੇ ਸੁੱਖਾਂ ਦੇ ਮਾਲਕ!।ਮਹਾ ਬਿਖੜਾ-ਬਹੁਤ ਮੁਸ਼ਕਲ।ਪਲ ਏਕ ਮਾਹਿ-ਇਕ ਪਲ ਵਿਚ।ਤਰਾਇਆ-ਤਾਰ ਦਿਤਾ।ਪੂਰਿ ਰਹਿਆ-ਵਿਆਪਕ ਹੋ ਰਿਹਾ ਹੈ।ਸਰਬ ਥਾਈ-ਸਭ ਥਾਵਾਂ ਤੇ।ਨੇਤ੍ਰੀ-ਅੱਖਾਂ ਵਿਚ।ਅੰਜਨੋ-ਸੁਰਮਾ।ਸਿਮਰੀ-(ਸਿਮਰੀਂ) ਮੈਂ ਸਿਮਰਦਾ ਰਹਾਂ।੨।

ਆਪਿ ਲੀਏ ਲੜਿ ਲਾਇ, ਕਿਰਪਾ ਧਾਰੀਆ ਜੀਉ ॥ ਮੋਹਿ ਨਿਰਗੁਣੁ ਨੀਚੁ ਅਨਾਥੁ ,ਪ੍ਰਭ ਅਗਮ ਅਪਾਰੀਆ ਜੀਉ ॥ ਦਇਆਲ ਸਦਾ ਕ੍ਰਿਪਾਲ ਸੁਆਮੀ, ਨੀਚ ਥਾਪਣਹਾਰਿਆ ॥ ਜੀਅ ਜੰਤ ਸਭਿ ਵਸਿ ਤੇਰੈ, ਸਗਲ ਤੇਰੀ ਸਾਰਿਆ ॥ ਆਪਿ ਕਰਤਾ ਆਪਿ ਭੁਗਤਾ, ਆਪਿ ਸਗਲ ਬੀਚਾਰੀਆ ॥ ਬਿਨਵੰਤਿ ਨਾਨਕ ਗੁਣ ਗਾਇ ਜੀਵਾ, ਹਰਿ ਜਪੁ ਜਪਉ ਬਨਵਾਰੀਆ ॥੩॥ ਤੇਰਾ ਦਰਸੁ ਅਪਾਰੁ ,ਨਾਮੁ ਅਮੋਲਈ ਜੀਉ ॥ ਨਿਤਿ ਜਪਹਿ ਤੇਰੇ ਦਾਸ, ਪੁਰਖ ਅਤੋਲਈ ਜੀਉ ॥ ਸੰਤ ਰਸਨ ਵੂਠਾ ਆਪਿ ਤੂਠਾ, ਹਰਿ ਰਸਹਿ ਸੇਈ ਮਾਤਿਆ ॥ ਗੁਰ ਚਰਨ ਲਾਗੇ ਮਹਾ ਭਾਗੇ, ਸਦਾ ਅਨਦਿਨੁ ਜਾਗਿਆ ॥ ਸਦ ਸਦਾ ਸਿੰਮ੍ਰਤਬ੍ਯ ਸੁਆਮੀ, ਸਾਸਿ ਸਾਸਿ ਗੁਣ ਬੋਲਈ ॥ ਬਿਨਵੰਤਿ ਨਾਨਕ ਧੂਰਿ ਸਾਧੂ ,ਨਾਮੁ ਪ੍ਰਭੂ ਅਮੋਲਈ ॥੪॥੧॥ (ਹੇ ਪ੍ਰਭੂ! ਜਿਨ੍ਹਾਂ ਮਨੁੱਖ ਉਤੇ ਤੈਂ) ਕ੍ਰਿਪਾ ਕੀਤੀ ਹੈ ,(ਉਹ ਤੈਂ) ਆਪ ਅਪਣੇ ਲੜ ਲਾ ਲਏ ਹਨ।ਮੈਂ ਗੁਣ ਹੀਣ, ਨੀਚ ਤੇ ਯਤੀਮ ਹਾਂ, ਹੇ ਪ੍ਰਭੂ! ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਤੇ ਬੇਅੰਤ ਹੈਂ।ਹੇ ਦਇਆ ਦੇ ਘਰ! ਹੇ ਕ੍ਰਿਪਾ ਕਰਨ ਵਾਲੇ ਮਾਲਕ! ਤੂੰ ਨੀਵਿਆ ਨੂੰ ਉਚੇ ਥਾਂ ਟਿਕਾਉਣ ਵਾਲਾ ਹੈਂ।ਸਾਰੇ ਜੀਵ ਜੰਤ ਤੇਰੇ ਵਸ ਵਿਚ ਹਨ, ਸਾਰੇ ਤੇਰੀ ਸੰਭਾਲ ਵਿਚ ਹਨ; ਤੇਰੀ ਪਰਜਾ ਹਨ।ਤੂੰ ਆਪ ਹੀ (ਸਾਰੇ ਜਗਤ ਦਾ) ਕਰਤਾ ਹੈਂ, ਆਪ ਹੀ (ਸਭ ਦੇ ਅੰਦਰ ਵਿਆਪਕ ਹੋ ਕੇ ਸਾਰੇ ਰਸ) ਭੋਗਣ ਵਾਲਾ ਹੈਂ ਅਤੇ ਆਪ ਹੀ ਵਿਚਾਰਨ (ਕਿਸੇ ਦੀ ਸਲਾਹ ਨਾ ਲੈਣ) ਵਾਲਾ ਹੈਂ ।ਨਾਨਕ ਬੇਨਤੀ ਕਰਦਾ ਹੈ ਕਿ ਹੇ ਬਨਵਾਰੀ! (ਮੇਰੇ ਤੇ ਕ੍ਰਿਪਾ ਕਰ) ਮੈਂ ਤੇਰੇ ਗੁਣ ਗਾ ਕੇ ਜਿਉਂਦਾ ਰਹਾਂ ਅਤੇ ਤੇਰਾ ਜਾਪ ਜਪਦਾ ਰਹਾਂ।੩।(ਹੇ ਪ੍ਰਭੂ!) ਤੇਰਾ ਦਰਸ਼ਨ ਬੇਅੰਤ ਹੈ ਅਤੇ ਤੇਰਾ ਨਾਮ ਅਮੋਲਕ ਹੈ ਜੀ।ਹੇ ਨਾ ਤੋਲੇ ਜਾਣ ਵਾਲੇ ਅਕਾਲ ਪੁਰਖ! ਤੇਰੇ ਦਾਸ (ਤੇਰਾ ਨਾਮ) ਨਿਤ ਜਪਦੇ ਹਨ।(ਜਿਨ੍ਹਾਂ ਉਤੇ) ਪ੍ਰਭੂ ਆਪ ਪ੍ਰਸੰਨ ਹੋਇਆ ਹੈ, (ਉਨ੍ਹਾਂ) ਸੰਤਾਂ ਦੀ ਰਸਨਾ ਉਤੇ ਆਪ ਵਸਿਆ ਹੈ, ਉਹ ਹੀ ਹਰੀ ਦੇ ਨਾਮ ਰਸ ਵਿਚ ਮਸਤ ਹੋਏ ਹਨ।(ਜਿਹੜੇ ਮਨੁੱਖ) ਗੁਰੂ ਦੇ ਚਰਨਾਂ ਨਾਲ ਜੁੜੇ ਹਨ, ਉਹ ਵੱਡੇ ਭਾਗਾਂ ਵਾਲੇ ਹਨ, ਉਹ ਸਦਾ ਹਰ ਰੋਜ ਗਿਆਨ ਅਵਸਥਾ ਵਿਚ ਜਾਗਦੇ ਰਹਿੰਦੇ ਹਨ।ਉਹ ਸੁਆਸ ਸੁਆਸ ਸਿਮਰਨ ਯੋਗ ਸੁਆਮੀ ਦੇ ਗੁਣ ਗਾਉਂਦੇ ਹਨ।ਨਾਨਕ ਬੇਨਤੀ ਕਰਦਾ ਹੈ ਕਿ ਸਾਧੂ ਗੁਰੂ ਦੇ ਚਰਨਾਂ ਦੀ ਧੂੜ ਅਤੇ ਪ੍ਰਭੂ ਦਾ ਨਾਮ (ਦੋਵੇਂ ਪਦਾਰਥ) ਅਮੋਲਕ ਹਨ (ਸ਼ਬਦਾਰਥ); ਹੇ ਪ੍ਰਭੂ! (ਮੈਨੂੰ ਉਨ੍ਹਾਂ) ਸਾਧੂਆਂ ਦੇ ਚਰਨਾਂ ਦੀ ਧੂੜ ਬਖਸ਼, (ਜੋ ਤੇਰਾ) ਅਮੋਲਕ ਨਾਮ ਜਪਦੇ ਹਨ।੪।੧।

ਪਦਾਰਥ = ਲੀਏ ਲੜਿ-ਲੜ ਲਾ ਲਏ ਹਨ।ਧਾਰੀਆ ਜੀਉ-ਕੀਤੀ ਹੈ ਜੀ।ਮੋਹਿ-ਮੈਂ।ਨਿਰਗੁਣੁ-ਹੀਣ ਹੀਣ।ਅਨਾਥੁ-ਯਤੀਮ; ਨਿਖਸਮਾ।ਪ੍ਰਭ-ਹੇ ਪ੍ਰਭੂ!।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਪਾਰੀਆ-ਬੇਅੰਤ।ਸੁਆਮੀ-ਮਾਲਕ ਪ੍ਰਭੂ।ਨੀਚ-ਨੀਵਿਆਂ ਨੂੰ।ਥਾਪਣਹਾਰਿਆ-(ਉਤੇ ਥਾਂ) ਟਿਕਾਉਣ ਵਾਲਾ ਹੈ।ਜੀਅ ਜੰਤ-ਛੋਟੇ ਵੱਡੇ ਜੀਵ ਜੰਤ।ਵਸਿ-ਵਸ ਵਿਚ।ਸਗਲ-ਸਾਰੇ।ਸਾਰਿਆ-ਸੰਭਾਲ ਵਿਚ ਹਨ।ਕਰਤਾ-(ਜਗਤ ਨੂੰ) ਪੈਦਾ ਕਰਨ ਵਾਲਾ।ਭੁਗਤਾ-ਭੋਗਣ ਵਾਲਾ।ਬੀਚਾਰਿਆ-ਵਿਚਾਰਨ ਵਾਲਾ।ਬਿਨਵੰਤਿ-ਬੇਨਤੀ ਕਰਦਾ ਹੈ।ਜੀਵਾ-ਜਿਉਂਦਾ ਰਹਾਂ।ਜਪੁ ਜਪਉ-ਜਾਪ ਜਪਦਾ ਰਹਾਂ।ਬਨਵਾਰੀਆ-ਸਾਰੇ ਜੰਗਲ ਜਿਸ ਦੀ ਮਾਲਾ ਹਨ; ਵੈਰਾਟ ਰੂਪ ਕਰਤਾਰ।੩।ਦਰਸੁ-ਦਰਸ਼ਨ।ਅਪਾਰੁ-ਬੇਅੰਤ।ਅਮੋਲਈ-ਅਮੋਲਕ (ਕਿਸੇ ਕੀਮਤ ਨਾਲ ਨਾ ਖ੍ਰੀਦਿਆ ਜਾਣ ਵਾਲਾ)।ਨਿਤਿ-ਹਰ ਰੋਜ।ਪੁਰਖੁ-ਸਰਬ ਵਿਆਪਕ ਪ੍ਰਭੂ।ਅਤੋਲਈ-ਜੋ ਤੋਲਿਆ ਨਾ ਜਾ ਸਕੇ।ਰਸਨ-ਜੀਭ।ਵੂਠਾ-ਆ ਵਸਿਆ ਹੈ।ਤੂਠਾ-ਪ੍ਰਸੰਨ ਹੋਇਆ ਹੈ।ਰਸਹਿ-ਰਸ ਵਿਚ।ਸੇਈ-ਉਹ ਹੀ।ਮਾਤਿਆ-ਮਸਤ ਹੋਏ ਹਨ।ਮਹਾ ਭਾਗੇ-ਵੱਡੇ ਭਾਗਾਂ ਵਾਲੇ।ਅਨਦਿਨੁ-ਹਰ ਰੋਜ। ਜਾਗਿਆ-(ਅਵਿਦਿਆ ਦੀ ਨੀਂਦ ਵਿਚੋਂ) ਗਿਆਨ ਅਵਸਥਾ ਵਿਚ ਜਾਗੇ ਹਨ।ਸਿੰਮ੍ਰਤਬ੍ਯ-ਸਿਮਰਨ ਯੋਗ।ਸਾਸਿ ਸਾਸਿ-ਹਰੇਕ ਸਾਹ ਨਾਲ।ਬੋਲਈ-ਬੋਲਦੇ (ਗਾਉਂਦੇ) ਹਨ।ਧੂਰਿ-ਚਰਨ ਧੂੜ।ਸਾਧੂ-ਸ੍ਰੇਸਟ ਗੁਰੂ।੪।੧।

ਉਥਾਨਕਾ = ਕਿਸੇ ਪ੍ਰੇਮੀ ਨੇ ਕਬੀਰ ਜੀ ਤੋਂ ਪੁੱਛਿਆ ਕਿ ਹਰੀ ਨੂੰ ਹਿਰਦੇ ਵਿਚ ਕਿਵੇਂ ਵਸਾਇਆ ਜਾ ਸਕਦਾ ਹੈ ਅਤੇ ਉਸ ਦਾ ਕਿਸੇ ਨੇ ਅੰਤ ਵੀ ਪਾਇਆ ਹੈ ਕਿ ਨਹੀਂ? ਤਾਂ ਕਬੀਰ ਜੀ ਨਿਮਨ ਲਿਖਤ ਸ਼ਬਦ ਦੁਆਰਾ ਉਸ ਪ੍ਰੇਮੀ ਨੂੰ ਉਤਰ ਦੇਂਦੇ ਹਨ।

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥ ਸੰਤ ਸੰਗਤਿ ਰਾਮੁ ਰਿਦੈ ਬਸਾਈ ॥੧॥ਰਹਾਉ॥ ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥ ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ ਕਮਲਾਪਤਿ ਕਵਲਾ ਨਹੀ ਜਾਨਾਂ ॥੩॥ ਕਹਿ ਕਬੀਰ ਸੋ ਭਰਮੈ ਨਾਹੀ ॥ ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥ ਹੇ ਪ੍ਰਭੂ! ਬ੍ਰਹਮਾ ਦੇ ਚਾਰ ਪੁਤ੍ਰ) ਸਨਕ, ਸਨੰਦਨ ਆਦਿਕ, ਸ਼ਿਵ ਜੀ ਵਰਗਿਆਂ (ਤਪੱਸਵੀਆਂ) ਨੇ ਅਤੇ (ਵਿਸ਼ਨੂੰ ਦੇ ਭਗਤ) ਸ਼ੇਖ ਨਾਗ ਨੇ ਤੇਰਾ ਭੇਤ ਨਹੀਂ ਜਾਣਿਆਂ।੧।(ਹੇ

ਭਾਈ!) ਸੰਤਾਂ ਦੀ ਸੰਗਤ ਵਿਚ ਸਰਬ ਵਿਆਪਕ ਰਾਮ ਨੂੰ ਮਨ ਵਿਚ ਵਸਾ।੧।ਰਹਾਉ।(ਹੇ ਪ੍ਰਭੂ! ਰਾਮਚੰਦ੍ਰ ਦੇ ਸੇਵਕ) ਹਨੂਮਾਨ ਵਰਗੇ ਤੇ (ਪੰਛੀਆਂ ਦੇ ਰਾਜੇ) ਗਰੁੜ ਵਰਗਿਆਂ ਨੇ।ਦੇਵਤਿਆਂ ਦੇ ਰਾਜੇ ਇੰਦ੍ਰ ਨੇ, ਮਨੁੱਖਾਂ ਦੇ ਰਾਜਿਆਂ ਨੇ ਤੇਰੇ ਗੁਣਾਂ ਦਾ ਅੰਤ ਨਹੀਂ ਜਾਣਿਆ।੨।ਚਾਰ ਬੇਦਾਂ (ਅਤੇ ਉਨ੍ਹਾਂ ਨੂੰ ਰਚਣ ਵਾਲੇ ਬ੍ਰਹਮਾ) ਨੇ, ਸਿਮ੍ਰਤੀਆਂ (ਮਨੂ ਆਦਿਕ ਰਿਸ਼ੀਆਂ) ਅਤੇ ਅਠਾਰਾਂ ਪੁਰਾਣਾਂ (ਅਤੇ ਉਨ੍ਹਾਂ ਨੂੰ ਰਚਣ ਵਾਲੇ ਰਿਸ਼ੀਆਂ) ਨੇ।ਲੱਛਮੀ ਦੇ ਪਤੀ ਵਿਸ਼ਨੂੰ ਅਤੇ ਖੁਦ ਲੱਛਮੀ ਨੇ ਵੀ ਤੇਰਾ ਭੇਤ ਨਹੀਂ ਜਾਣਿਆਂ।੩।ਕਬੀਰ ਜੀ ਕਹਿੰਦੇ ਹਨ ਕਿ ਉਹ (ਮਨੁੱਖ ਹਰੀ ਦਾ ਅੰਤ ਪਾਉਣ ਵਾਸਤੇ) ਭਰਮਦਾ ਨਹੀਂ।(ਜੋ ਦੇਵੀ ਦੇਵਤਿਆਂ ਦੀ ਪੂਜਾ ਕਰਨੀਂ ਛਡ ਕੇ) ਪ੍ਰਭੂ ਦੇ ਚਰਨੀਂ ਲਗ ਕੇ (ਉਸ ਦੀ) ਸ਼ਰਨ ਵਿਚ ਰਹਿੰਦਾ ਹੈ।੪।੧।

ਪਦਾਰਥ = ਸਨਕ ਸਨੰਦ-ਬ੍ਰਹਮਾ ਦੇ ਪੁਤ੍ਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)।ਮਹੇਸ-ਸ਼ਿਵ ਜੀ।ਸਮਾਨਾ-ਵਰਗਿਆਂ ਨੇ।ਸੇਖ ਨਾਗਿ-ਸ਼ੇਸ਼ ਨਾਗ ਨੇ (ਸੱਪਾਂ ਦਾ ਰਾਜਾ, ਇਕ ਹਜਾਰ ਫਣਾਂ ਵਾਲਾ, ਵਿਸ਼ਨੂੰ ਦੀ ਸਿਹਜਾ ਅਤੇ ਫਣ ਵਿਸ਼ਨੂੰ ਦਾ ਛਤ੍ਰ ਮੰਨਿਆ ਜਾਂਦਾ ਹੈ ਤੇ ਹਰ ਰੋਜ ਰੱਬ ਦਾ ਨਵਾਂ ਨਾਮ ਲੈਂਦਾ ਦਸਿਆ ਜਾਂਦਾ ਹੈ)।ਮਰਮੁ-ਭੇਤ।ਨ ਜਾਨਾਂ-ਨਹੀਂ ਜਾਣਿਆ।ਰਾਮੁ-ਸਰਬ ਵਿਆਪੀ ਵਾਹਿਗੁਰੂ।ਰਿਦੈ-ਹਿਰਦੇ ਵਿਚ।ਬਸਾਈ-ਵਸਾ ਲੈ।੧।ਰਹਾਉ।ਹਨੂਮਾਨ-ਰਾਮ ਚੰਦ੍ਰ ਜੀ ਦਾ ਸੇਵਕ।ਸਰਿ-ਵਰਗਿਆਂ ਨੇ।ਗਰੁੜ-ਪੰਛੀਆਂ ਦਾ ਰਾਜਾ, ਵਿਸ਼ਨੂੰ ਦਾ ਸੇਵਕ ਤੇ ਵਾਹਨ।ਸੁਰਪਤਿ-ਦੇਵਤਿਆਂ ਦੇ ਰਾਜੇ ਇੰਦਰ ਨੇ।ਨਰਪਤਿ-ਮਨੁੱਖਾਂ ਦੇ ਰਾਜੇ।੨।ਅਰੁ-ਅਤੇ।ਸਿੰਮ੍ਰਿਤਿ-ਸਿਮ੍ਰਤੀਆਂ।ਪੁਰਾਨਾਂ-੧੮ ਪੁਰਾਣ।ਕਮਲਾਪਤਿ-ਲਛਮੀ ਦਾ ਪਤੀ ਵਿਸ਼ਨੂੰ।ਕਮਲਾ-ਲੱਛਮੀ।੩।ਕਹਿ-ਕਹਿੰਦਾ ਹੈ।ਸੋ-ਉਹ (ਮਨੁੱਖ)।ਭਰਮੈ ਨਾਹੀ-ਭਟਕਦਾ ਨਹੀਂ।ਪਗ ਲਗਿ-ਚਰਨੀਂ ਲਗ ਕੇ।ਰਹੈ ਸਰਨਾਂਹੀ-ਸ਼ਰਣ ਵਿਚ ਰਹਿੰਦਾ ਹੈ।੪।੧।

ਦਿਨ ਤੇ ਪਹਰ ਪਹਰ ਤੇ ਘਰੀਆਂ, ਆਵ ਘਟੈ ਤਨੁ ਛੀਜੈ ॥ ਕਾਲੁ ਅਹੇਰੀ ਫਿਰੈ ਬਧਿਕ ਜਿਉ, ਕਹਹੁ ਕਵਨ ਬਿਧਿ ਕੀਜੈ ॥੧॥
(ਹੇ ਭਾਈ!) ਦਿਨਾਂ ਤੋਂ ਪਹਿਰ, ਪਹਿਰ ਤੋਂ ਘੜੀਆਂ (ਥੋੜਾ ਥੋੜਾ ਸਮਾਂ ਕਰਕੇ) ਉਮਰ ਘਟਦੀ ਜਾਂਦੀ ਅਤੇ ਸਰੀਰ ਕਮਜੋਰ ਹੁੰਦਾ ਜਾਂਦਾ ਹੈ।ਕਾਲ ਰੂਪ ਸ਼ਿਕਾਰੀ (ਸਾਰੇ ਜੀਵਾਂ ਦੇ ਪਿੱਛੇ ਇਸ ਤਰ੍ਹਾਂ) ਫਿਰ ਰਿਹਾ ਹੈ, ਜਿਵੇਂ ਸ਼ਿਕਾਰੀ ਸ਼ਿਕਾਰ ਦੇ ਪਿੱਛੇ ਫਿਰਦਾ ਹੈ, ਦੱਸੋ, ਇਸ ਤੋਂ ਬਚਣ ਦਾ ਕਿਹੜਾ ਤਰੀਕਾ ਅਖਤਿਆਰ ਕੀਤਾ ਜਾਵੇ?।੧।

ਅੰਗ ੬੯੨ = ਸੋ ਦਿਨੁ ਆਵਨ ਲਾਗਾ ॥ ਮਾਤ ਪਿਤਾ ਭਾਈ ਸੁਤ ਬਨਿਤਾ, ਕਹਹੁ ਕੋਊ ਹੈ ਕਾ ਕਾ ॥੧॥ਰਹਾਉ॥ ਜਬ ਲਗੁ ਜੋਤਿ ਕਾਇਆ ਮਹਿ ਬਰਤੈ, ਆਪਾ ਪਸੂ ਨ ਬੂਝੈ ॥ ਲਾਲਚ ਕਰੈ ਜੀਵਨ ਪਦ ਕਾਰਨ, ਲੋਚਨ ਕਛੂ ਨ ਸੂਝੈ ॥੨॥ ਕਹਤ ਕਬੀਰ ਸੁਨਹੁ ਰੇ ਪ੍ਰਾਨੀ, ਛੋਡਹੁ ਮਨ ਕੇ ਭਰਮਾ ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ, ਪਰਹੁ ਏਕ ਕੀ ਸਰਨਾਂ ॥੩॥੨॥(ਹੇ ਭਾਈ! ਮੌਤ ਦਾ) ਉਹ ਦਿਨ (ਤੇਰੇ ਨੇੜੇ) ਆਉਣ ਲੱਗਾ ਹੈ।ਮਾਤਾ ਪਿਤਾ, ਭਾਈ, ਪੁਤ੍ਰ ਅਤੇ ਇਸਤ੍ਰੀ, ਦੱਸੋ (ਇਨ੍ਹਾਂ ਵਿਚੋਂ ਅੰਤ ਸਮੇਂ) ਕੌਣ ਕੋਈ ਕਿਸੇ ਦਾ ਸਹਾਈ ਹੋ ਸਕਦਾ ਹੈ?।੧।ਰਹਾਉ।(ਹੇ ਭਾਈ!) ਜਦ ਤਕ (ਰੱਬ ਦੀ) ਚੇਤਨ ਸੱਤਾ ਸਰੀਰ ਵਿਚ ਵਰਤਦੀ ਹੈ, (ਉਦੋਂ ਤਕ ਇਹ) ਬੇਸਮਝ ਮਨੁੱਖ ਅਪਣੇ ਆਪ ਨੂੰ ਸਮਝਦਾ ਨਹੀਂ।(ਬੁਢੇਪੇ ਵਿਚ ਇਸ ਨੂੰ) ਅੱਖਾਂ ਤੋਂ ਕੁਛ ਦਿਸਦਾ ਨਹੀਂ, (ਫਿਰ ਵੀ ਹੋਰ ਜਿਆਦਾ ਸਮਾਂ) ਜਿਉਂਦੇ ਰਹਿਣ ਦੀ ਹਾਲਤ ਵਾਸਤੇ ਲਾਲਚ ਕਰਦਾ ਹੈ।੨।ਕਬੀਰ ਜੀ ਆਖਦੇ ਹਨ ਕਿ ਹੇ ਪ੍ਰਾਣੀਓ! (ਤੁਸੀਂ ਮੇਰਾ ਉਪਦੇਸ) ਸੁਣੋ, ਮਨ ਦੇ ਭਰਮ ਛਡ ਦਿਓ (ਕਿ ਸੰਸਾਰ ਵਿਚ ਸਦਾ ਜਿਉਂਦੇ ਰਹਿਣਾ ਹੈ)।ਹੇ ਪ੍ਰਾਣੀਓ! ਕੇਵਲ ਪ੍ਰਭੂ ਦਾ ਨਾਮ ਜਪੋ ਅਤੇ ਇਕ ਪ੍ਰਭੂ ਦੀ ਸ਼ਰਨ ਵਿਚ ਪੈ ਜਾਵੋ (ਫਿਰ ਤੁਸੀਂ ਮੁਕਤ ਹੋ ਜਾਓਗੇ)।੩।੨।

ਪਦਾਰਥ = ਦਿਨ ਤੇ-ਦਿਨਾਂ ਤੋਂ।ਪਹਰ-ਤਿੰਨ ਘੰਟੇ ਦਾ ਸਮਾਂ।ਘਰੀਆਂ-ਘੜੀਆਂ (੨੪ ਮਿੰਟਾਂ ਦੀ ਇਕ ਘੜੀ ਹੁੰਦੀ ਹੈ)।ਆਵ-ਉਮਰ।ਤਨੁ ਛੀਜੈ-ਸਰੀਰ ਕਮਜੋਰ ਹੁੰਦਾ ਹੈ।ਕਾਲੁ ਅਹੇਰੀ-ਮੌਤ ਰੂਪ ਸ਼ਿਕਾਰੀ।ਬਧਿਕ-ਸ਼ਿਕਾਰੀ।ਕਹਹੁ-ਦੱਸੋ।ਕਵਨ-ਕਿਹੜਾ।ਬਿਧਿ-ਤਰੀਕਾ।ਕੀਜੈ-ਕੀਤਾ ਜਾਵੇ।੧।ਸੋ-ਉਹ।ਭਾਈ-ਭਰਾ।ਸੁਤ-ਪੁਤ੍ਰ।ਬਨਿਤਾ-ਇਸਤ੍ਰੀ।ਕੋਊ-ਕੋਈ।ਕਾ ਕਾ-ਕਿਸੇ ਦਾ।੧।ਰਹਾਉ।ਜਬ ਲਗ-ਜਦ ਤਕ।ਜੋਤਿ-ਚੇਤਨ ਸੱਤਾ; ਆਤਮਾ।ਕਾਇਆ ਮਹਿ-ਸਰੀਰ ਵਿਚ।ਬਰਤੈ-ਵਰਤਦੀ ਹੈ।ਆਪਾ-ਆਪਣੇ ਆਪ ਨੂੰ।ਪਸੂ-(ਪਸ਼ੂ ਵਰਗਾ) ਬੇਸਮਝ ਮਨੁੱਖ।ਨ ਬੂਝੈ-ਸਮਝਦਾ ਨਹੀਂ।ਜੀਵਨ ਪਦ ਕਾਰਨ-(ਹੋਰ) ਜਿਉਂਦੇ ਰਹਿਣ ਦੀ ਹਾਲਤ ਵਾਸਤੇ।ਲੋਚਨ-ਅੱਖਾਂ।ਨ ਸੂਝੈ-ਦਿਸਦਾ ਨਹੀਂ।੨।ਕਹਤ-ਆਖਦੇ ਹਨ।ਰੇ ਪ੍ਰਾਨੀ-ਹੇ ਪ੍ਰਾਣੀਓ!।ਪਰਹੁ-ਪੈ ਜਾਓ।੩।੨।

ਉਥਾਨਕਾ = ਕਬੀਰ ਸਾਹਿਬ ਅਪਣੀ ਉਮਰ ਦੇ ਅਖੀਰ ਦੇ ਸਮੇਂ ਕਾਂਸ਼ੀ ਛਡ ਕੇ ਮਗਹਰ ਆ ਵਸੇ ਸਨ {ਸਗਲ ਜਨਮੁ ਸਿਵ ਪੁਰੀ ਗਵਾਇਆ।ਮਰਤੀ ਬਾਰ ਮਗਹਰ ਉਠਿ ਆਇਆ ੩੨੬}।ਲੋਕ ਆਖਣ ਲੱਗੇ ਕਿ ਕਬੀਰ ਪਾਗਲ ਹੋ ਗਿਆ ਹੈ, ਜੋ ਅੰਤਮ ਸਮੇਂ ਕਾਂਸੀ ਵਰਗੇ ਨਗਰ ਨੂੰ ਛਡ ਕੇ ਮਗਹਰ ਆ ਗਏ ਹਨ।ਇਸ ਸ਼ਬਦ ਦੁਆਰਾ ਕਬੀਰ ਜੀ ਲੋਕਾਂ ਦਾ ਭਰਮ ਦੂਰ ਕਰਦੇ ਹਨ।

ਜੋ ਜਨੁ ਭਾਉ ਭਗਤਿ ਕਛੁ ਜਾਨੈ, ਤਾ ਕਉ ਅਚਰਜੁ ਕਾਹੋ ॥ ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ, ਤਿਉ ਢੁਰਿ ਮਿਲਿਓ ਜੁਲਾਹੋ ॥੧॥ ਹਰਿ ਕੇ ਲੋਗਾ, ਮੈ ਤਉ ਮਤਿ ਕਾ ਭੋਰਾ ॥ ਜਉ ਤਨੁ ਕਾਸੀ ਤਜਹਿ ਕਬੀਰਾ, ਰਮਈਐ ਕਹਾ ਨਿਹੋਰਾ ॥੧॥ਰਹਾਉ॥ ਕਹਤੁ ਕਬੀਰ ਸੁਨਹੁ ਰੇ ਲੋਈ, ਭਰਮਿ ਨ ਭੂਲਹੁ ਕੋਈ ॥ ਕਿਆ ਕਾਸੀ ਕਿਆ ਊਖਰੁ ਮਗਹਰੁ ,ਰਾਮੁ ਰਿਦੈ ਜਉ ਹੋਈ ॥੨॥੩॥ ਜਿਹੜਾ ਮਨੁੱਖ ਥੋੜਾ ਜਿਹਾ ਵੀ ਹਰੀ ਦਾ ਪ੍ਰੇਮ ਤੇ ਹਰੀ ਦੀ ਭਗਤੀ ਜਾਣਦਾ ਹੈ, ਉਸ ਦੇ ਲਈ (ਹਰੀ ਨਾਲ ਇਕ ਰੂਪ ਹੋਣਾ) ਕੀ ਅਸਚਰਜ

ਗੱਲ ਹੈ? ਜਿਸ ਤਰ੍ਹਾਂ ਪਾਣੀ, ਪਾਣੀ ਵਿਚ ਪੈ ਕੇ ਨਿਕਲਦਾ ਨਹੀਂ (ਵੱਖਰਾ ਨਹੀਂ ਹੁੰਦਾ), ਇਸੇ ਤਰ੍ਹਾਂ ਮੈਂ ਜੁਲਾਹਾ ਢਲ ਕੇ ਹਰੀ ਨਾਲ ਮਿਲ ਗਿਆ ਹਾਂ।੧।{ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ੯੪੭}।ਹੇ ਹਰੀ ਦੇ ਲੋਕੋ! (ਤੁਹਾਡੇ ਅਨੁਸਾਰ) ਮੈਂ ਤਾਂ ਮੱਤ ਦਾ ਭੋਲਾ ਹੀ ਸਹੀ।ਜੇ ਕਬੀਰ ਅਪਣਾ ਸਰੀਰ ਕਾਂਸੀ ਵਿਚ ਛੱਡ ਦੇਵੇ (ਇਸ ਕਰਕੇ ਮੁਕਤ ਹੋ ਜਾਵੇ), ਤਾਂ ਹਰੀ ਦਾ ਕੀ ਅਹਿਸਾਨ ਹੋਇਆ? (ਲੋਕਾਂ ਅਨੁਸਾਰ ਕਾਂਸੀ ਵਿਚ ਮਰਨ ਨਾਲ ਮਨੁੱਖ ਉਂਝ ਹੀ ਮੁਕਤ ਹੋ ਜਾਂਦਾ ਹੈ, ਤਾਂ ਹਰੀ ਦੇ ਸਿਮਰਨ ਦਾ ਕੀ ਲਾਭ?)।੧।ਰਹਾਉ।ਕਬੀਰ ਜੀ ਆਖਦੇ ਹਨ ਕਿ ਹੇ (ਦੁਨੀਆਂ ਦੇ) ਲੋਕੋ! (ਗਿਆਨ ਦੀ ਗੱਲ) ਸੁਣੋ, ਭਰਮ ਵਿਚ ਪੈ ਕੇ ਭੁੱਲ ਨਾ ਜਾਓ (ਕੁਰਾਹੇ ਨ ਪਵੋ।ਅਸਲੀ ਗੱਲ ਇਹ ਹੈ ਕਿ) ਜੇ ਹਿਰਦੇ ਵਿਚ ਪ੍ਰਮਾਤਮਾ ਹੋਵੇ, ਤਾਂ ਕੀ ਕਾਂਸੀ ਅਤੇ ਕੀ ਕੱਲਰ ਵਾਲੀ ਧਰਤੀ ਮਗਹਰ? {ਕਾਸੀ ਮਗਹਰ ਸਮ ਬੀਚਾਰੀ ੩੨੬} ਭਾਵ ਹਰੀ ਦਾ ਸਿਮਰਨ ਕਰਨ ਵਾਲਾ ਮਨੁੱਖ ਭਾਵੇਂ ਸ਼ਿਵ ਜੀ ਦੇ ਬਸਾਏ ਨਗਰ ਕਾਂਸੀ ਵਿਚ ਮਰੇ, ਭਾਵੇਂ ਸਰਾਪੀ ਧਰਤੀ ਮਗਹਰ ਵਿਚ ਮਰੇ, ਉਹ ਮੁਕਤ ਹੋ ਜਾਂਦਾ ਹੈ।੨।੩। ।

ਪਦਾਰਥ = ਜੋ ਜਨੁ–ਜੋ ਮਨੁੱਖ।ਭਾਉ–ਪ੍ਰੇਮ।ਕਛੁ–ਕੁਛ ਕੁ (ਥੋੜਾ ਜਿਹਾ ਵੀ)।ਤਾ ਕਉ–ਉਸ ਦੇ ਲਈ।ਕਾਹੋ–ਕੀ ਹੈ? ਜਲ ਮਹਿ –ਪਾਣੀ ਵਿਚ।ਪੈਸਿ–ਪੈ ਕੇ (ਪ੍ਰਵੇਸ਼ ਕਰਕੇ)।ਨ ਨਿਕਸੈ–ਨਿਕਲਦਾ ਨਹੀ (ਵੱਖਰਾ ਨਹੀਂ ਹੋ ਸਕਦਾ)।ਤਿਉ–ਇਸੇ ਤਰ੍ਹਾਂ।ਢੁਰਿ–ਢਲ ਕੇ (ਪਿਘਲ ਕੇ; ਬਦਲ ਕੇ; ਆਪਾ ਭਾਵ ਛਡ ਕੇ)।ਜੁਲਾਹੋ–ਜੁਲਾਹਾ (ਕਬੀਰ)।੧।ਹਰਿ ਕੇ ਲੋਗਾ–ਹੇ ਹਰੀ ਦੇ (ਪੰਡਤ) ਲੋਕੋ !।ਮੈ ਤਉ–ਮੈਂ ਤਾਂ।ਮਤਿ ਕਾ ਭੋਰਾ–ਅਕਲ ਦਾ ਭੋਲਾ; ਥੋੜੀ ਅਕਲ ਵਾਲਾ।ਜਉ–ਜੇ।ਤਨੁ–ਸਰੀਰ।ਤਜਹਿ–ਛਡ ਦੇਵੇ।ਰਮਈਐ–ਪ੍ਰਭੂ ਦਾ।ਕਹਾ–ਕੀ।ਨਿਹੋਰਾ–ਅਹਿਸਾਨ।੧।ਰਹਾਉ।ਰੇ ਲੋਈ–ਹੇ ਲੋਕੋ!।ਊਖਰੁ–ਕਲਰ ਵਾਲੀ ਜਗ੍ਹਾ।ਮਗਹਰੁ–ਯੂ. ਪੀ. ਦੇ ਬਸਤੀ ਜਿਲ੍ਹੇ ਦਾ ਇਕ ਨਗਰ, (ਲੋਕਾਂ ਦੇ ਖਿਆਲ ਅਨੁਸਾਰ ਸ਼ਿਵ ਦਾ ਸਰਾਪਿਆ ਨਗਰ, ਜਿਥੇ ਮਰਨ ਵਾਲਾ ਮਨੁੱਖ ਮੁਕਤ ਨਹੀਂ ਹੁੰਦਾ, ਉਸ ਨੂੰ ਗਧੇ ਦੀ ਜੂਨ ਮਿਲਦੀ ਹੈ)।ਰਿਦੈ–ਹਿਰਦੇ ਵਿਚ।ਹੋਈ–ਹੋਵੇ।੨।੩।

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥੧॥ ਕਿਆ ਮਾਂਗਉ ਕਿਛੁ ਥਿਰੁ ਨਾਹੀ ॥ ਰਾਮ ਨਾਮ ਰਖੁ ਮਨ ਮਾਹੀ ॥੧॥ ਰਹਾਉ॥ ਸੋਭਾ ਰਾਜ ਬਿਭੈ ਬਡਿਆਈ ॥ ਅੰਤਿ ਨ ਕਾਹੂ ਸੰਗ ਸਹਾਈ ॥੨॥ ਪੁਤ੍ਰ ਕਲਤ੍ਰ ਲਛਮੀ ਮਇਆ ॥ ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥ ਕਹਤ ਕਬੀਰ ਅਵਰ ਨਹੀ ਕਾਮਾ ॥ ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥ (ਹੇ ਭਾਈ! ਜੇ ਮਨੁੱਖ) ਨਿਕੰਮੇ ਤਪ ਕਰਕੇ ਇੰਦ੍ਰ ਲੋਕ (ਸੁਰਗ) ਤੇ ਸ਼ਿਵ ਲੋਕ ਵਿਚ ਵੀ ਚਲਾ ਜਾਵੇ, ਤਾਂ ਵੀ ਫਿਰ ਉਥੋਂ ਨਿਕਲ ਕੇ ਇਸ ਦੁਨੀਆਂ ਵਿਚ ਆ ਜਾਵੇਗਾ (ਹਰੀ ਦੇ ਸਿਮਰਨ ਤੋਂ ਬਿਨਾ ਅਟੱਲ ਮੁਕਤੀ ਨਹੀਂ ਮਿਲਦੀ।ਤਪ ਆਦਿਕ ਸਾਧਨ ਕਰਨ ਨਾਲ ਥੋੜਾ ਸਮਾਂ ਸੁਰਗ ਦਾ ਸੁਖ ਮਿਲ ਸਕਦਾ ਹੈ, ਫਿਰ ਦੁਬਾਰਾ ਜਨਮ ਮਰਨ ਦੇ ਦੁਖ ਵਿਚ ਪੈਣਾ ਪੈਂਦਾ ਹੈ)।੧।ਮੈਂ ਪ੍ਰਭੂ ਪਾਸੋਂ ਕੀ ਮੰਗਾਂ? (ਕਿਉਂਕਿ ਦੁਨੀਆਂ ਵਿਚ) ਕੁਛ ਵੀ ਸਥਿਰ ਰਹਿਣ ਵਾਲਾ ਨਹੀਂ ਹੈ।(ਇਸ ਲਈ ਹੇ ਸੰਤ ਜਨੋਂ! ਤੁਸੀਂ ਅਪਣੇ) ਮਨ ਵਿਚ ਰਾਮ ਦਾ ਨਾਮ ਟਿਕਾ ਕੇ ਰੱਖੋ।੧।ਰਹਾਉ।(ਹੇ ਭਾਈ!) ਰਾਜ ਦੀ ਸੋਭਾ ਅਤੇ ਜਾਇਦਾਤ ਦੀ ਵਡਿਆਈ।(ਇਹ ਸਭ) ਅੰਤ ਸਮੇਂ ਕਿਸੇ ਦੇ ਨਾਲ ਸਹਾਈ ਨਹੀਂ ਹੁੰਦੇ।੨।ਪੁਤ੍ਰ ,ਇਸਤ੍ਰੀ ਤੇ ਧਨ ਦੌਲਤ ਆਦਿ।ਦੱਸੋ ਇਨ੍ਹਾਂ ਤੋਂ ਕਿਸ ਨੇ ਸੁਖ ਪਾਇਆ ਹੈ? (ਕਿਸੇ ਨੂੰ ਸਦੀਵੀ ਸੁਖ ਨਹੀਂ ਮਿਲਿਆ)।੩।ਕਬੀਰ ਜੀ ਆਖਦੇ ਹਨ ਕਿ (ਪ੍ਰਮੇਸਰ ਦੇ ਨਾਮ ਤੋਂ ਬਿਨਾ) ਹੋਰ ਕੋਈ ਪਦਾਰਥ ਕੰਮ ਆਉਣ ਵਾਲਾ ਨਹੀਂ ਹੈ।ਪ੍ਰਮੇਸਰ ਦਾ ਨਾਮ ਸਾਡੇ ਮਨ ਦਾ ਧਨ ਹੈ (ਜੋ ਲੋਕ ਪ੍ਰਲੋਕ ਵਿਚ ਸਦਾ ਸਹਾਈ ਹੁੰਦਾ ਹੈ)।੪।੪।

ਪਦਾਰਥ = ਇੰਦ੍ਰ ਲੋਕ–ਸਵੱਰਗ।ਸਿਵ ਲੋਕਹਿ–ਸਿਵ ਦੀ ਪੁਰੀ ਵਿਚ।ਜੈਬੋ–ਜੇ ਚਲਾ ਜਾਵੇ।ਓਛੇ–ਨਿਕੰਮੇ।ਬਾਹੁਰਿ–ਮੁੜ ਕੇ।ਐਬੋ –ਆ ਜਾਵੇਗਾ।੧।ਮਾਂਗਉ–ਮੈਂ ਮੰਗਾਂ।ਕਿਛੁ–ਕੋਈ ਵੀ ਚੀਜ।ਥਿਰੁ–ਸਦਾ ਟਿਕਿਆ ਰਹਿਣ ਵਾਲਾ।ਮਨ ਮਾਹੀ–ਮਨ ਵਿਚ।੧। ਰਹਾਉ।ਬਿਭੈ–ਜਾਇਦਾਤ।ਬਡਿਆਈ–ਵੱਡਾ ਪਣ।ਅੰਤਿ–ਅਖੀਰ ਸਮੇਂ।ਕਾਹੂ ਸੰਗ–ਕਿਸੇ ਦੇ ਨਾਲ।ਸਹਾਈ–ਮੱਦਤ; ਸਾਥੀ।੨। ਕਲਤ੍ਰ–ਇਸਤ੍ਰੀ।ਇਨ ਤੇ–ਇਨ੍ਹਾਂ ਤੋਂ।ਕਹੁ–ਦੱਸੋ।ਕਵਨੈ–ਕਿਸ ਨੇ।ਅਵਰ–ਹੋਰ।ਕਾਮਾ–ਕੰਮ।ਹਮਰੈ ਮਨ–ਸਾਡੇ ਮਨ ਦਾ।੪।੪।

ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥ ਰਾਮ ਨਾਮ ਸਿਮਰਨ ਬਿਨੁ ,ਬੂਡਤੇ ਅਧਿਕਾਈ ॥੧॥ਰਹਾਉ॥ ਬਨਿਤਾ ਸੁਤ ਦੇਹ ਗ੍ਰੇਹ, ਸੰਪਤਿ ਸੁਖਦਾਈ ॥ ਇਨ੍ ਮੈ ਕਛੁ ਨਾਹਿ ਤੇਰੋ, ਕਾਲ ਅਵਧ ਆਈ ॥੧॥ ਅਜਾਮਲ ਗਜ ਗਨਿਕਾ, ਪਤਿਤ ਕਰਮ ਕੀਨੇ ॥ ਤੇਊ ਉਤਰਿ ਪਾਰਿ ਪਰੇ, ਰਾਮ ਨਾਮ ਲੀਨੇ ॥੨॥ ਸੂਕਰ ਕੂਕਰ ਜੋਨਿ ਭ੍ਰਮੇ, ਤਉ ਲਾਜ ਨ ਆਈ ॥ ਰਾਮ ਨਾਮ ਛਾਡਿ ਅੰਮ੍ਰਿਤ, ਕਾਹੇ ਬਿਖੁ ਖਾਈ ॥੩॥ ਤਜਿ ਭਰਮ ਕਰਮ ਬਿਧਿ ਨਿਖੇਧ, ਰਾਮ ਨਾਮੁ ਲੇਹੀ ॥ ਗੁਰ ਪ੍ਰਸਾਦਿ ਜਨ ਕਬੀਰ, ਰਾਮੁ ਕਰਿ ਸਨੇਹੀ ੪॥੫॥ ਹੇ ਭਾਈ! ਮਨ ਕਰਕੇ ਰਾਮ ਦਾ ਨਾਮ ਸਿਮਰ, ਤਨ ਕਰਕੇ ਰਾਮ ਦਾ ਨਾਮ ਸਿਮਰ ਅਤੇ ਬਾਣੀ ਦੁਆਰਾ ਵੀ ਰਾਮ ਦਾ ਨਾਮ ਸਿਮਰ।ਰਾਮ ਦੇ ਨਾਮ ਸਿਮਰਨ ਤੋਂ ਬਿਨਾ ਬਹੁਤ ਜੀਵ ਸੰਸਾਰ ਸਮੁੰਦਰ ਵਿਚ ਡੁਬ ਜਾਂਦੇ ਹਨ।੧।ਰਹਾਉ।ਇਸਤ੍ਰੀ, ਪੁਤ੍ਰ ,ਸਰੀਰ, ਘਰ ਅਤੇ ਸੰਪਤੀ, ਜੋ ਤੂੰ ਸੁਖ ਦੇਣ ਵਾਲੇ ਮੰਨੇ ਹੋਏ ਹਨ।ਜਦੋਂ ਮੌਤ ਦਾ ਸਮਾਂ ਆਇਆ, ਤਾਂ ਇਨ੍ਹਾਂ ਵਿਚੋਂ ਕੁਛ ਵੀ ਤੇਰੇ ਨਾਲ ਨਹੀਂ ਜਾਵੇਗਾ।੧।ਅਜਾਮਲ, ਹਾਥੀ ਤੇ ਗਨਿਕਾ ਆਦਿ ਨੇ ਪਾਪ ਕਰਮ ਕੀਤੇ ਸਨ।(ਜਦ ਇਨ੍ਹਾਂ ਨੇ) ਰਾਮ ਦਾ ਨਾਮ ਲਿਆ (ਜਪਿਆ, ਤਾਂ) ਉਹ ਵੀ ਸੰਸਾਰ ਸਮੁੰਦਰ ਤੋ ਪਾਰ ਉਤਰ (ਤਰ) ਪਏ ਸਨ।੨।(ਹੇ ਭਾਈ! ਤੂੰ) ਸੂਰ ਅਤੇ ਕੁੱਤੇ ਆਦਿਕਾਂ ਦੀਆਂ

ਜੂਨਾਂ ਵਿਚ ਭੌਂਦਾ ਫਿਰਦਾ ਰਿਹਾ ਹੈਂ, ਤਾਂ ਵੀ (ਹੁਣ ਮਨੁੱਖਾ ਜਨਮ ਵਿਚ ਤੈਨੂੰ) ਸ਼ਰਮ ਨਹੀਂ ਆਈ? ਰਾਮ ਦਾ ਨਾਮ ਰੂਪ ਅੰਮ੍ਰਿਤ ਛਡ ਕੇ ਜਹਿਰ ਕਿਉਂ ਖਾਈ ਜਾਂਦਾ ਹੈਂ?।੩।(ਹੇ ਭਾਈ! ਸ਼ਾਸ਼ਤ੍ਰਾਂ ਦੇ ਦੱਸੇ) ਕਰਨ ਯੋਗ ਕਰਮ ਅਤੇ ਨਾ ਕਰਨ ਯੋਗ ਕਰਮਾਂ ਦਾ ਭਰਮ ਛਡ ਕੇ ਰਾਮ ਦਾ ਨਾਮ ਲੈ (ਜਪ)।ਦਾਸ ਕਬੀਰ ਆਖਦਾ ਹੈ ਕਿ (ਹੇ ਭਾਈ! ਤੂੰ) ਗੁਰੂ ਦੀ ਕ੍ਰਿਪਾ ਨਾਲ ਰਾਮ ਨੂੰ ਅਪਣਾ ਪ੍ਰੇਮੀ ਕਰ (ਬਣਾ) ਲੈ (ਫਿਰ ਤੂੰ ਮੁਕਤ ਹੋ ਜਾਵੇਂਗਾ)।੪।੫।

ਪਦਾਰਥ = ਰਾਮ–ਵਾਹਿਗੁਰੂ ਦਾ।ਸਿਮਰਿ–ਸਿਮਰਨ ਕਰ।ਭਾਈ–ਹੇ ਭਾਈ!।ਬੂਡਤੇ–ਡੁਬ ਜਾਂਦੇ ਹਨ।ਅਧਿਕਾਈ=ਬਹੁਤ (ਜੀਵ) ।੧।ਰਹਾਉ।ਬਨਿਤਾ–ਇਸਤ੍ਰੀ।ਸੁਤ–ਪੁਤ੍ਰ।ਦੇਹ–ਸਰੀਰ।ਗ੍ਰੇਹ–ਘਰ।ਸੰਪਤਿ–ਮਾਲ ਧਨ ਆਦਿ।ਸੁਖਦਾਈ–ਸੁਖ ਦੇਣ ਵਾਲੇ। ਇਨ੍ ਮੈ–ਇਨ੍ਹਾਂ ਵਿਚੋਂ।ਕਾਲ–ਮੌਤ ਦਾ।ਅਵਧ–ਸਮਾਂ।ਆਈ–ਆਇਆ।੧।ਪਤਿਤ ਕਰਮ–ਪਾਪ ਕਰਮ।ਕੀਨੇ–ਕੀਤੇ।ਤੇਊ–ਉਹ ਵੀ।ਉਤਰਿ ਪਾਰਿ ਪਰੇ–ਪਾਰ ਉਤਰ ਪਏ (ਪਾਰ ਲੰਘ ਗਏ)।ਲੀਨੇ–ਲਿਆ (ਜਪਿਆ)।੨।ਸੂਕਰ–ਸੂਰ।ਕੂਕਰ–ਕੁੱਤੇ।ਜੋਨਿ–ਜੂਨਾਂ ਵਿਚ।ਭ੍ਰਮੇ–ਭੌਂਦੇ ਫਿਰਦੇ ਰਹੇ।ਤਊ–ਤਾਂ ਵੀ; ਫਿਰ ਭੀ।ਲਾਜ–ਸ਼ਰਮ।ਕਾਹੇ–ਕਿਉਂ।ਬਿਖੁ–ਜਹਿਰ।੩।ਤਜਿ–ਛਡ ਕੇ।ਬਿਧਿ –ਵਿਧੀ ਪੂਰਬਕ ਕਰਨ ਵਾਲੇ (ਯੋਗ ਕਰਮ)।ਨਿਖੇਧ–ਮਨਾਹੀ ਵਾਲੇ (ਨਾ ਕਰਨ ਵਾਲੇ ਕਰਮ)।ਲੇਹੀ–ਲੈ (ਜਪ)।ਗੁਰ ਪ੍ਰਸਾਦਿ–ਗੁਰੂ ਦੀ ਕਿਰਪਾ ਨਾਲ।ਜਨ ਕਬੀਰ–ਦਾਸ ਕਬੀਰ।ਕਰਿ ਸਨੇਹੀ–ਪਿਆਰਾ ਮਿਤ੍ਰ ਕਰ (ਬਣਾ) ਲੈ।੪।੫।

ਅਜਾਮਲ = ਕਨੌਜ ਦਾ ਰਹਿਣ ਵਾਲਾ ਇਕ ਬ੍ਰਾਹਮਣ, ਜੋ ਵੇਸਵਾ ਦੇ ਮੋਹ ਵਿਚ ਫਸ ਗਿਆ।ਇਸ ਤੋਂ ਪੁਤ੍ਰ ਪੈਦਾ ਹੋਇਆ ਤੇ ਨਾਮ ਨਰਾਇਣ ਰੱਖਿਆ ਗਿਆ।ਸਹਜੇ ਸਹਜੇ ਜਦ ਪੂਰਬਲੇ ਕਰਮਾਂ ਦਾ ਅੰਕੁਰ ਫੁੱਟਿਆ ਤਾਂ ਇਹ ਨਾਰਾਇਣ ਨਾਰਾਇਣ ਨਾਮ ਜਪਣ ਲਗ ਪਿਆ।ਵਿਕਾਰ ਛਡ ਕੇ ਲਿਵ ਨਾਰਾਇਣ ਵਿਚ ਜੁੜ ਗਈ ਤੇ ਮੁਕਤ ਹੋ ਗਿਆ।ਗਜ = ਭਾਗਵਤ ਵਿਚ ਕਥਾ ਹੈ ਕਿ ਇਕ ਰਿਖੀ ਦੇ ਸਰਾਪ ਕਰਕੇ ਇਕ ਗੰਧਰਬ ਹਾਥੀ ਦੀ ਜੂਨ ਵਿਚ ਪੈ ਗਿਆ।ਨਦੀ ਵਿਚੋਂ ਪਾਣੀ ਪੀਣ ਗਏ ਨੂੰ ਤੰਦੂਏ ਨੇ ਫੜ ਲਿਆ।ਇਸ ਨੇ ਤੰਦੂਏ ਤੋਂ ਛੁੱਟਣ ਦਾ ਬੜਾ ਜੋਰ ਲਾਇਆ, ਹਾਰ ਕੇ ਇਸ ਨੇ ਭਗਵਾਨ ਨੂੰ ਯਾਦ ਕੀਤਾ ਤੇ ਤੰਦੂਏ ਤੋਂ ਮੁਕਤ ਹੋ ਗਿਆ।

ਗਨਿਕਾ = ਇਹ ਵੇਸਵਾ ਸੀ, ਇਸ ਨੇ ਇਕ ਸਾਧੂ ਨੂੰ ਮੀਂਹ ਪੈਂਦੇ ਵਿਚ ਭਿੱਜਣ ਤੋਂ ਬਚਾਇਆ, ਸਾਧੂ ਨੇ ਪ੍ਰਸੰਨ ਹੋ ਕੇ ਗਨਿਕਾ ਨੂੰ ਇਕ ਤੋਤਾ ਦਿਤਾ।ਉਸ ਤੋਤੇ ਨੂੰ ਸਾਧੂ ਨੇ ਰਾਮ ਨਾਮ ਦਾ ਜਾਪ ਕਰਨਾ ਸਿਖਾਇਆ ਹੋਇਆ ਸੀ।ਇਹ ਤੋਤੇ ਤੋਂ ਰਾਮ ਨਾਮ ਸੁਣਦੀ ਹੋਈ ਆਪਣਾ ਵਿਕਾਰੀ ਕੰਮ ਛਡ ਬੈਠੀ ਤੇ ਰਾਮ ਨਾਮ ਸਿਮਰਦੀ ਹੋਈ ਜੀਵਨ ਮੁਕਤ ਹੋ ਗਈ ਸੀ।

ਧਨਾਸਰੀ ਬਾਣੀ ਭਗਤ ਨਾਮ ਦੇਵ ਜੀ ਕੀ ੧ਓ ਸਤਿਗੁਰ ਪ੍ਰਸਾਦਿ ॥ ਗਹਰੀ ਕਰਿ ਕੈ ਨੀਵ ਖੁਦਾਈ, ਊਪਰਿ ਮੰਡਪ ਛਾਏ ॥ ਮਾਰਕੰਡੇ ਤੇ ਕੋ ਅਧਿਕਾਈ, ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥ ਹਮਰੋ ਕਰਤਾ ਰਾਮੁ ਸਨੇਹੀ ॥ ਕਾਹੇ ਰੇ ਨਰ ਗਰਬੁ ਕਰਤ ਹਹੁ ,ਬਿਨਸਿ ਜਾਇ ਝੂਠੀ ਦੇਹੀ ॥੧॥ਰਹਾਉ॥ ਮੇਰੀ ਮੇਰੀ ਕੈਰਉ ਕਰਤੇ, ਦੁਰਜੋਧਨ ਸੇ ਭਾਈ ॥ ਬਾਰਹ ਜੋਜਨ ਛਤ੍ਰੁ ਚਲੈ ਥਾ, ਦੇਹੀ ਗਿਰਝਨ ਖਾਈ ॥੨॥ (ਹੇ ਭਾਈ! ਤੂੰ ਅਪਣੇ ਰਹਿਣ ਵਾਸਤੇ) ਡੂੰਘੀ ਕਰਕੇ ਨੀਂਹ ਖੁਦਵਾਈ ਹੈ, (ਜਿਸ) ਉਤੇ ਮਹਿਲ ਬਣਾਏ ਹਨ।(ਪਰ ਦੱਸ) ਮਾਰਕੰਡੇ ਰਿਖੀ ਤੋਂ ਵੱਡੀ ਉਮਰ ਵਾਲਾ ਕੌਣ ਹੋਇਆ ਹੈ? ਜਿਸ ਨੇ ਸਿਰ ਉਤੇ ਕੱਖ ਧਰ ਕੇ (ਕੱਖਾਂ ਦੀ ਛੱਪਰੀ ਬਣਾ ਕੇ ਅਪਣੇ ਜੀਵਨ ਦੇ) ਦਿਨ ਗੁਜਾਰੇ ਸਨ।੧।(ਹੇ ਭਾਈ! ਸਭ ਨੂੰ) ਪੈਦਾ ਕਰਨ ਵਾਲਾ ਸਾਡਾ ਮਿਤ੍ਰ ਰਾਮ ਹੈ।ਹੇ ਪੁਰਖਾ! ਤੂੰ ਧਨ ਦਾ ਐਨਾ) ਹੰਕਾਰ ਕਿਉਂ ਕਰਦਾ ਹੈਂ? (ਤੇਰੀ ਇਹ) ਝੂਠੀ ਦੇਹ ਨਾਸ਼ ਹੋ ਜਾਵੇਗੀ।੧।ਰਹਾਉ।ਜਿਨ੍ਹਾਂ ਕੌਰਵਾਂ ਦੇ ਦੁਰਜੋਧਨ ਵਰਗੇ ਬਲਵਾਨ ਭਰਾ ਸਨ, (ਉਹ ਵੀ) ਮੇਰੀ ਮੇਰੀ ਕਰਦੇ ਸਨ (ਕਹਿੰਦੇ ਸਨ ਸਭ ਕੁਛ ਸਾਡਾ ਹੀ ਹੈ, ਬਹੁਤ ਹੰਕਾਰੀ ਸਨ।ਦੁਰਜੋਧਨ) ਬਾਰਾਂ ਜੋਜਨ (੪੮ ਕੋਹ) ਛਤਰਾਂ ਦੀ ਛਾਂ ਹੇਠ ਚਲਦਾ ਸੀ (ਜਦ ਉਸ ਦੀ ਸਵਾਰੀ ਬਾਹਰ ਨਿਕਲਦੀ ਸੀ, ਉਸ ਦੇ ਅਧੀਨ ਦੇ ਰਾਜੇ ਸੁਆਗਤ ਲਈ ਬਾਰਾਂ ਜੋਜਨਾਂ ਤਕ ਛਤਰ ਲਈ ਖੜ੍ਹੇ ਹੁੰਦੇ ਸਨ।ਇਤਨਾ ਵੱਡਾ ਰਾਜ ਹੁੰਦੇ ਹੋਏ ਵੀ ਕੁਰਛੇਤਰ ਦੇ ਜੰਗ ਵਾਲੇ ਮੈਦਾਨ ਵਿਚ ਉਸ ਦੀ) ਦੇਹ ਗਿਰਝਾਂ ਨੇ ਖਾਧੀ (ਸਨਮਾਨ ਸਹਿਤ ਸਸਕਾਰ ਵੀ ਨਹੀਂ ਸੀ ਹੋ ਸਕਿਆ)।੨।

ਅੰਗ ੬੯੩ = ਸਰਬ ਸੋੁਇਨ ਕੀ ਲੰਕਾ ਹੋਤੀ, ਰਾਵਨ ਸੇ ਅਧਿਕਾਈ ॥ ਕਹਾ ਭਇਓ ਦਰਿ ਬਾਂਧੇ ਹਾਥੀ, ਖਿਨ ਮਹਿ ਭਈ ਪਰਾਈ ॥੩॥ ਦੁਰਬਾਸਾ ਸਿਉ ਕਰਤ ਠਗਉਰੀ, ਜਾਦਵ ਏ ਫਲ ਪਾਏ ॥ ਕ੍ਰਿਪਾ ਕਰੀ ਜਨ ਅਪੁਨੇ ਊਪਰ, ਨਾਮ ਦੇਉ ਹਰਿ ਗੁਨ ਗਾਏ ॥੪॥੧॥ ਰਾਵਣ ਵਰਗੇ ਵੱਡੇ ਬਲਵਾਨ ਰਾਜੇ (ਹੋ ਗੁਜਰੇ ਹਨ, ਜਿਸ ਦੀ) ਲੰਕਾ ਸਾਰੀ ਸੋਨੇ ਦੀ ਬਣੀ ਹੋਈ ਸੀ।ਕੀ ਹੋਇਆ (ਜੇ ਉਸ ਦੇ ਮਹਿਲਾਂ ਦੇ) ਦਰਵਾਜੇ ਤੇ ਹਾਥੀ ਬੰਨ੍ਹੇ ਹੋਏ ਸਨ (ਸਾਰਾ ਰਾਜ ਭਾਗ ਕਿਥੇ ਚਲਾ ਗਿਆ? ਉਸ ਦੀ ਸਾਰੀ) ਸੰਪਤੀ ਇਕ ਛਿਨ ਵਿਚ ਪਰਾਈ ਹੋ ਗਈ।੩।(ਹੇ ਭਾਈ!) ਦੁਰਬਾਸਾ ਰਿਖੀ ਨਾਲ ਮਖੌਲ ਕਰਨ ਕਰਕੇ ਯਾਦਵਾਂ ਨੇ ਏਹ ਫਲ ਪਾਏ (ਦੁਰਬਾਸਾ ਦੇ ਸਰਾਪ ਦੇਣ ਨਾਲ ਸਾਰੀ ਕੁਲ ਨਾਸ਼ ਕਰਾ ਲਈ।ਪਰ ਪ੍ਰਭੂ ਨੇ) ਅਪਣੇ ਸੇਵਕ ਉਪਰ ਕ੍ਰਿਪਾ ਕੀਤੀ, (ਜਿਸ ਦਾ ਸਦਕਾ ਹੰਕਾਰ ਛਡ ਕੇ) ਨਾਮ ਦੇਵ ਹਰੀ ਦੇ ਗੁਣ ਗਾਉਂਦਾ ਹੈ।੪।੧।

ਪਦਾਰਥ = ਗਹਰੀ ਕਰਿ ਕੈ–ਡੂੰਘੀ ਕਰਕੇ।ਨੀਵ–ਨੀਂਹ।ਖੁਦਾਈ–ਪੁਟਵਾਈ ਹੈ।ਮੰਡਪ–ਮਹਿਲ।ਛਾਏ–ਬਣਾਏ ਹਨ।ਤੇ–ਤੋਂ।ਕੋ–ਕੌਣ।ਅਧਿਕਾਈ–ਵੱਡੀ ਉਮਰ ਵਾਲਾ।ਜਿਨਿ–ਜਿਸ ਨੇ।ਤ੍ਰਿਣ ਧਰਿ ਮੂੰਡ–ਸਿਰ ਉਤੇ ਕੱਖ ਧਰ ਕੇ (ਕੱਖਾਂ ਦੀ ਛੱਪਰੀ ਬਣਾ ਕੇ)।

ਬਲਾਏ–ਬਤੀਤ ਕੀਤੇ।੧।ਹਮਰੋ–ਸਾਡਾ।ਕਰਤਾ–ਪੈਦਾ ਕਰਨ ਵਾਲਾ।ਰਾਮ–ਵਾਹਿਗੁਰੂ।ਸਨੇਹੀ–ਮਿਤ੍ਰ।ਕਾਹੇ–ਕਿਉਂ।ਰੇ ਨਰ–ਹੇ ਪੁਰਖਾ!।ਗਰਬੁ–ਹੰਕਾਰ।ਕਰਤ ਹਹੁ–ਕਰਦਾ ਹੈਂ।ਬਿਨਸਿ ਜਾਇ–ਨਾਸ਼ ਹੋ ਜਾਵੇਗਾ।ਦੇਹੀ–ਸਰੀਰ।੧।ਰਹਾਉ।ਕੈਰਉ–ਕੁਰੂ ਵੰਸ਼ ਦੇ ਰਾਜੇ (ਕੌਰਵ)।ਸੇ–ਵਰਗੇ।ਭਾਈ–ਭਰਾ।ਬਾਰਹ ਜੋਜਨ–ਬਾਰਾਂ ਜੋਜਨ (੪੮ ਕੋਹ)।ਛਤ੍ਰ ਚਲੈ ਥਾ–ਛਤਰਾਂ ਹੇਠ ਚਲਦਾ ਸੀ। ਦੇਹੀ–ਸਰੀਰ (ਲੋਥ)।ਗਿਰਝਨ–ਗਿਰਝਾਂ ਨੇ।ਖਾਈ–ਖਾਧੀ।੨।ਸਰਬ–ਸਾਰੀ।ਸੁੋਇਨ ਕੀ–ਸੋਨੇ ਦੀ।ਰਾਵਨ–ਲੰਕਾ ਦਾ ਰਾਜਾ, ਜਿਸ ਦੇ ਮਹਿਲ ਸੋਨੇ ਦੇ ਬਣੇ ਦੱਸੇ ਜਾਂਦੇ ਹਨ, ਇਸ ਨੂੰ ਰਾਮ ਚੰਦ੍ਰ ਜੀ ਨੇ ਜੰਗ ਵਿਚ ਮਾਰ ਕੇ ਰਾਜ ਭਭੀਖਣ ਨੂੰ ਦਿਤਾ, ਜੋ ਰਾਵਣ ਦਾ ਛੋਟਾ ਭਰਾ ਸੀ।ਅਧਿਕਾਈ–ਵੱਡੇ (ਬਲਵਾਨ)।ਕਹਾ ਭਇਓ–ਕੀ ਹੋਇਆ।ਦਰਿ–ਦਰਵਾਜੇ ਉਤੇ।ਬਾਂਧੇ–ਬੰਨ੍ਹੇ ਹੋਏ।ਖਿਨ ਮਹਿ–ਇਕ ਪਲ ਵਿਚ।ਭਈ ਪਰਾਈ–ਬਿਗਾਨੀ ਹੋ ਗਈ।੩।ਸਿਉ–ਨਾਲ।ਕਰਤ–ਕਰਨ ਕਰਕੇ।ਜਾਦਵ–(ਕ੍ਰਿਸ਼ਨ ਜੀ ਦੀ ਕੁਲ ਦੇ) ਯਾਦਵਾਂ ਨੇ।ਏ–ਏਹ।ਜਨ–ਸੇਵਕ।ਗਾਏ–ਗਾਉਂਦਾ ਹੈ।੪।੧।

ਦੇਹੀ ਗਿਰਝ ਨ ਖਾਈ = ਦੇਹ ਗਿਰਝਾਂ ਨੇ ਵੀ ਨਹੀਂ ਖਾਧੀ (ਫ.ਸ.; ਸੰ.ਸ.; ਗੁ.ਗ੍ਰੰ. ਕੋਸ਼; ਟਕਸਾਲ ਨੇ ਦੋਵੇਂ ਪਾਠ ਕੀਤੇ ਹਨ)।

ਮਾਰਕੰਡਾ = ਮ੍ਰਿਕੰਡੁ ਰਿਖੀ ਦਾ ਪੁਤ੍ਰ ਜੋ ਮਨਸ੍ਵਿਨੀ ਦੇ ਉਦਰ ਤੋਂ ਜਨਮਿਆ।ਇਸਨੇ ਘੋਰ ਤਪ ਕਰਕੇ ਲੰਬੀ ਉਮਰ ਹੋਣ ਦਾ ਵਰ ਪ੍ਰਾਪਤ ਕੀਤਾ ਸੀ।ਬਹੁਤ ਲੰਬੀ ਉਮਰ ਹੋਣ ਦੇ ਬਾਵਜੂਦ ਵੀ ਇਹ ਕੱਖਾਂ ਕਾਨਿਆਂ ਦੀ ਕੁੱਲੀ ਵਿਚ ਰਹਿੰਦਾ ਸੀ।

ਦੁਰਜੋਧਨ = ਗਾਂਧਾਰੀ ਦੇ ਉਦਰ ਤੋਂ ਜੰਮਿਆ ਧ੍ਰਿਤਰਾਸਟਰ ਦਾ ਵੱਡਾ ਪੁਤ੍ਰ, ਜੋ ਬਹੁਤ ਹੰਕਾਰੀ ਤੇ ਪਾਂਡਵਾਂ ਦਾ ਵਡਾ ਵਿਰੋਧੀ ਸੀ। ਕੁਲਛੇਤ੍ਰ ਦੀ ਜੰਗ ਵਿਚ ਇਹ ਪਾਂਡਵਾਂ ਕੋਲੋਂ ਹਾਰ ਗਿਆ, ਜਿਸ ਤੋਂ ਭਾਰਤ ਦਾ ਸਰਬ ਨਾਸ਼ ਹੋਇਆ।ਕਿਹਾਂ ਜਾਂਦਾ ਹੈ ਕਿ ਮਾਂ ਦੇ ਵਰ ਨਾਲ ਇਸ ਦੀ ਦੇਹ ਪੱਥਰ ਦੀ ਹੋ ਗਈ ਸੀ, ਜਿਸ ਕਰਕੇ ਇਸ ਦਾ ਸਨਮਾਨ ਜਨਕ ਸਸਕਾਰ ਵੀ ਨਾ ਹੋ ਸਕਿਆ।ਅਤੇ ਪੱਥਰ ਜਾਣ ਕੇ ਇਸ ਦੀ ਦੇਹ ਗਿਰਝਾਂ ਨੇ ਵੀ ਨਹੀਂ ਖਾਧੀ, ਇਸ ਦੀ ਦੇਹ ਨੂੰ ਭੀਮ ਨੇ ਗੁਰਜਾਂ ਮਾਰ ਮਾਰ ਕੇ ਭੰਨ ਦਿਤਾ ਸੀ।

ਦਰਬਾਸਾ = ਕਿਸ਼ਨ ਜੀ ਦੇ ਗੁਰੂ ਅਤੇ ਬਹੁਤ ਗੁੱਸੇ ਵਾਲਾ ਤੇ ਛੇਤੀ ਹੀ ਸਰਾਪ ਦੇ ਦੇਂਦਾ ਸੀ।ਇਕ ਵਾਰ ਬੱਚਿਆਂ ਨੇ ਸ਼ਰਾਰਤ ਨਾਲ ਦੁਰਬਾਸਾ ਨਾਲ ਮਖੌਲ ਕੀਤਾ।ਜਾਮਵੰਤੀ ਦੇ ਉਦਰ ਤੋਂ ਜੰਮੇ ਕ੍ਰਿਸ਼ਨ ਜੀ ਦੇ ਪੁਤ੍ਰ ਸਾਂਬਾ ਨੂੰ ਇਸਤ੍ਰੀਆਂ ਵਾਲੇ ਕਪੜੇ ਪਹਿਨਾ ਕੇ ਤੇ ਉਸ ਦੇ ਪੇਟ ਤੇ ਇਕ ਬਾਟੀ ਬੰਨ੍ਹ ਕੇ ਪੁਛਿਆ ਕਿ ਦਸੋਂ ਇਸ ਦੇ ਪੇਟੋਂ ਕੀ ਜਨਮੇਗਾ? ਪਹਿਲਾਂ ਤਾਂ ਦੁਰਬਾਸਾ ਚੁੱਪ ਰਿਹਾ, ਬੱਚਿਆਂ ਦੇ ਬਾਰ ਬਾਰ ਪੁੱਛਣ ਤੇ ਰਿਖੀ ਗੁਸੇ ਵਿਚ ਆ ਕੇ ਕਹਿਣ ਲੱਗਾ ਇਸ ਦੇ ਪੇਟੋਂ ਤੁਹਡੀ ਕੁਲ ਦਾ ਨਾਸ਼ ਕਰਨ ਵਾਲਾ ਜੰਮੇਗਾ।ਸਰਾਪ ਦੇ ਡਰੋਂ ਬੱਚਿਆਂ ਨੇ ਬਾਟੀ ਘਸਾ ਦਿਤੀ ਅਤੇ ਜੋ ਛੋਟਾ ਟੁਕੜਾ ਬਚਿਆ ਸੀ, ਉਹ ਨਦੀ ਵਿਚ ਸੁੱਟ ਦਿਤਾ।ਜਿਥੇ ਬਾਟੀ ਘਸਾਈ ਸੀ, ਉਥੇ ਬਰਤੀ ਤੋਂ ਸਰਕੜਾ ਪੈਦਾ ਹੋਇਆ, ਜਿਸ ਨਾਲ ਸ਼ਰਾਬੀ ਹੋਏ ਯਾਦਵ ਆਪਸ ਵਿਚ ਲੜ ਕੇ ਮਰ ਗਏ।ਬਾਟੀ ਦਾ ਬਚਿਆ ਟੋਟਾ, ਜੋ ਮੱਛੀ ਨੇ ਨਿਗਲ ਲਿਆ ਸੀ, ਉਹ ਫੰਧਕ ਨੇ ਮੱਛੀ ਦੇ ਪੇਟੋਂ ਕੱਢ ਕੇ ਅਪਣੇ ਤੀਰ ਨਾਲ ਲਗਾ ਲਿਆ।ਇਹੋ ਤੀਰ ਫੰਧਕ ਨੇ ਕਿਸ਼ਨ ਜੀ ਨੂੰ ਮਾਰਿਆ, ਜਿਸ ਨਾਲ ਉਨ੍ਹਾਂ ਦਾ ਅੰਤ ਹੋਇਆ।

ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ, ਪੰਚਹੁ ਕਾ ਮਿਟ ਨਾਵਉ ॥ ਸਤਰਿ ਦੋਇ ਭਰੇ ਅੰਮ੍ਰਿਤ ਸਰਿ, ਬਿਖੁ ਕਉ ਮਾਰਿ ਕਢਾਵਉ ॥੧॥ ਪਾਛੈ ਬਹੁਰਿ ਨ ਆਵਨੁ ਪਾਵਉ ॥ ਅੰਮ੍ਰਿਤ ਬਾਣੀ ਘਟ ਤੇ ਉਚਰਉ ,ਆਤਮ ਕਉ ਸਮਝਾਵਉ ॥੧॥ਰਹਾਉ॥ ਬਜਰ ਕੁਠਾਰੁ ਮੋਹਿ ਹੈ ਛੀਨਾਂ, ਕਰਿ ਮਿੰਨਤਿ ਲਗਿ ਪਾਵਉ ॥ ਸੰਤਨ ਕੇ ਹਮ ਉਲਟੇ ਸੇਵਕ, ਭਗਤਨ ਤੇ ਡਰਪਾਵਉ ॥੨॥ ਇਹ ਸੰਸਾਰ ਤੇ ਤਬ ਹੀ ਛੂਟਉ ,ਜਉ ਮਾਇਆ ਨਹ ਲਪਟਾਵਉ ॥ ਮਾਇਆ ਨਾਮੁ ਗਰਭ ਜੋਨਿ ਕਾ, ਤਿਹ ਤਜਿ ਦਰਸਨੁ ਪਾਵਉ ॥੩॥ ਇਤੁ ਕਰਿ ਭਗਤਿ ਕਰਹਿ ਜੋ ਜਨ, ਤਿਨ ਭਉ ਸਗਲ ਚੁਕਾਈਐ ॥ ਕਹਤ ਨਾਮ ਦੇਉ ਬਾਹਰਿ ਕਿਆ ਭਰਮਹੁ ,ਇਹੁ ਸੰਜਮ ਹਰਿ ਪਾਈਐ ॥੪॥੨॥

(ਹੇ ਭਾਈ!) ਮੈਂ ਦਸੇ ਇੰਦ੍ਰੀਆਂ ਵਸ ਵਿਚ ਕਰ ਲਈਆਂ ਹਨ ਤੇ ਪੰਜ ਕਾਮ ਕ੍ਰੋਧ ਆਦਿਕਾਂ ਦਾ ਨਾਮੋ ਨਿਸ਼ਾਨ ਵੀ ਮਿਟਾ ਦਿਤਾ ਹੈ {ਦਸ ਇੰਦ੍ਰੀ ਕਰਿ ਰਾਖੈ ਵਾਸਿ।ਤਾ ਕੈ ਆਤਮੈ ਹੋਇ ਪਰਗਾਸੁ ੨੩੬}।ਸਰੀਰ ਦੀਆਂ ਬਹੱਤਰ ਪ੍ਰਧਾਨ ਨਾੜੀਆਂ ਨਾਮ ਰੂਪ ਸਰੋਵਰ ਵਿਚੋਂ ਭਰ ਲਈਆਂ ਹਨ (ਰਗ ਰਗ ਵਿਚ ਨਾਮ ਸਮਾ ਗਿਆ ਹੈ) ਤੇ ਵਿਸ਼ੇ ਵਿਕਾਰਾਂ ਦੀ ਜਹਿਰ ਨੂੰ ਮਾਰ ਕੇ ਕੱਢ ਦਿਤਾ ਹੈ।੧।(ਹੁਣ ਮੈਨੂੰ) ਪਿੱਛੇ ਮੁੜ ਸੰਸਾਰ ਵਿਚ ਨਹੀਂ ਆਉਣਾ ਪੈਣਾ (ਜਨਮ ਮਰਨ ਤੋਂ ਮੁਕਤ ਹੋ ਗਿਆ ਹਾਂ।ਕਿਉਂਕਿ) ਮੈਂ ਅੰਮ੍ਰਿਤ ਬਾਣੀ ਮਨ ਤੋਂ ਉਚਾਰਦਾ ਹਾਂ, (ਬਾਣੀ ਦੁਆਰਾ ਅਪਣੇ) ਮਨ ਨੂੰ ਸਮਝਾਉਂਦਾ ਹਾਂ।੧।ਰਹਾਉ।(ਹੇ ਭਾਈ!) ਗੁਰੂ ਦੇ ਚਰਨੀਂ ਲਗ ਕੇ ਮਿੰਨਤਾਂ ਕਰ ਕੇ ਮੈਂ (ਕਾਲ ਦੇ ਹਥੋਂ) ਤਿੱਖਾ ਕੁਹਾੜਾ ਖੋਹ ਲਿਆ।(ਹੁਣ ਸੰਸਾਰ ਵੱਲੋਂ) ਉਲਟ ਕੇ ਅਸੀਂ ਸੰਤਾਂ ਦੇ ਸੇਵਕ ਬਣ ਗਏ ਹਾਂ ਅਤੇ (ਮੌਤ ਤੋਂ ਡਰਨ ਦੀ ਬਜਾਏ) ਭਗਤਾਂ ਤੋਂ ਡਰਦੇ ਹਾਂ।੨।ਇਸ ਸੰਸਾਰ ਤੋਂ ਮੈਂ ਤਦ ਹੀ ਛੁਟ ਸਕਦਾ ਹਾਂ, ਜੇ ਮੈਂ ਮਾਇਆ ਦੇ ਮੋਹ ਵਿਚ ਨਹੀਂ ਫਸਾਂਗਾ।ਮਾਇਆ, ਗਰਭ ਜੋਨ ਵਿਚ ਪੈਣ ਦਾ ਨਾਮ ਹੈ; ਮਾਇਆ ਉਸ ਤਾਕਤ ਦਾ ਨਾਮ ਹੈ, ਜੋ ਮਨੁੱਖ ਨੂੰ ਗਰਭ ਜੋਨੀਆਂ ਵਿਚ ਭਟਕਾਉਂਦੀ ਹੈ, ਇਸ (ਮਾਇਆ) ਨੂੰ ਛਡ ਕੇ ਮੈਂ ਹਰੀ ਦਾ ਦਰਸ਼ਨ ਪਾ ਸਕਾਂਗਾ।੩।ਇਸ ਤਰ੍ਹਾਂ ਜਿਹੜੇ ਮਨੁੱਖ ਪ੍ਰਭੂ ਦੀ ਭਗਤੀ ਕਰਦੇ ਹਨ, ਉਨ੍ਹਾਂ ਦਾ ਸਾਰਾ ਡਰ ਦੂਰ ਹੋ ਜਾਂਦਾ ਹੈ।ਨਾਮ ਦੇਵ ਜੀ ਆਖਦੇ ਹਨ ਕਿ (ਹੇ ਭਾਈ!) ਬਾਹਰ ਕਿਉਂ ਭਟਕਦੇ ਫਿਰਦੇ ਹੋ? (ਪ੍ਰਭੂ ਦੀ ਭਗਤੀ ਦੇ) ਇਸ ਤਰੀਕੇ ਨਾਲ ਹਰੀ ਨੂੰ ਪਾ ਲਈਦਾ ਹੈ।੪।੨।

ਪਦਾਰਥ = ਦਸ ਬੈਰਾਗਨਿ–ਵੈਰਾਗ ਨੂੰ ਪ੍ਰਾਪਤ ਹੋਈਆਂ ਦਸ ਇੰਦ੍ਰੀਆਂ (ਜੀਵਾਤਮਾ ਵੈਰਾਗੀ ਹੈ, ਇੰਦ੍ਰੀਆਂ ਭੋਗਣ ਕਰਕੇ ਉਸ ਦੀਆਂ ਇਸਤ੍ਰੀਆਂ ਹਨ, ਇਸ ਕਰਕੇ ਬੈਰਾਗਣ ਕਿਹਾ ਹੈ)।ਮੋਹਿ–ਮੈਂ।ਬਸਿ ਕੀਨੀ–ਵਸ ਵਿਚ ਕਰ ਲਈਆਂ ਹਨ।ਪੰਚਹੁ ਕਾ–ਪੰਜ ਕਾਮ ਕ੍ਰੋਧ ਆਦਿਕਾਂ ਦਾ।ਮਿਟ ਨਾਵਉ–ਨਾਮ ਨਿਸ਼ਾਨ ਮਿਟਾ ਦਿਤਾ ਹੈ।ਸਤਰਿ ਦੋਇ–(ਜੋਗੀਆਂ ਦੀਆਂ ਮੰਨੀਆਂ) ਬਹੱਤਰ ਪ੍ਰਧਾਨ ਨਾੜੀਆਂ)।ਅੰਮ੍ਰਿਤ ਸਰਿ–ਨਾਮ ਅੰਮ੍ਰਿਤ ਦੇ ਸਰੋਵਰ ਵਿਚੋਂ।ਬਿਖੁ ਕਉ–(ਵਿਸ਼ੇ ਵਿਕਾਰਾਂ ਦੀ) ਜਹਿਰ ਨੂੰ।ਮਾਰਿ ਕਢਾਵਉ–ਮਾਰ ਕੇ ਕੱਢ ਦਿਤਾ ਹੈ।੧।ਪਾਛੈ–ਪਿੱਛੇ (ਸੰਸਾਰ ਵਿਚ)।ਬਹੁਰਿ–ਮੁੜ ਦੁਬਾਰਾ।ਘਟ ਤੇ–ਮਨ ਤੋਂ।ਉਚਰਉ–ਮੈਂ ਉਚਾਰਦਾ ਹਾਂ।ਆਤਮ ਕਉ–ਮਨ ਨੂੰ।ਸਮਝਾਵਉ–ਸਮਝਾਉਂਦਾ (ਸਿੱਖਿਆ ਦੇਂਦਾ) ਹਾਂ।੧।ਰਹਾਉ।ਬਜਰ ਕੁਠਾਰੁ–ਸਖਤ ਤਿੱਖਾ ਕੁਹਾੜਾ।ਮੋਹਿ–ਮੈਂ; ਮੋਹ ਨੂੰ।ਛੀਨਾਂ–ਖੋਹ ਲਿਆ; ਵੱਢ ਦਿਤਾ।ਕਰਿ ਮਿੰਨਤਿ–ਮਿੰਨਤਾਂ ਤਰਲੇ ਕਰਕੇ।ਲਗਿ ਪਾਵਉ–ਪੈਰੀਂ (ਚਰਨੀਂ) ਲਗ ਕੇ।ਹਮ–ਅਸੀਂ। ਭਗਤਨ ਤੇ–ਭਗਤਾਂ ਤੋਂ।ਡਰਪਾਵਉ–ਡਰਦਾ ਹਾਂ।੨।ਤਬ ਹੀ–ਤਦ ਹੀ।ਛੂਟਉ–ਛੁਟ ਸਕਦਾ ਹਾਂ।ਜਉ–ਜੇ।ਨਹ ਲਪਟਾਵਉ–ਨਹੀਂ ਫਸਾਂਗਾ।ਤਿਹ–ਇਸ ਨੂੰ।ਤਜਿ–ਛਡ ਕੇ।ਪਾਵਉ–ਪਾ ਸਕਾਂਗਾ।੩।ਇਤੁ ਕਰਿ–ਇਸ ਤਰ੍ਹਾਂ।ਜਨ–ਮਨੁੱਖ।ਤਿਨ–ਉਨ੍ਹਾਂ ਦਾ।ਸਗਲ –ਸਾਰਾ।ਚੁਕਾਈਐ–ਦੂਰ ਹੋ ਜਾਂਦਾ ਹੈ।ਕਿਆ–ਕਿਉਂ।ਭਰਮਹੁ–ਭਟਕਦੇ ਹੋ।ਇਹ ਸੰਜਮ–ਇਸ ਤਰੀਕੇ ਨਾਲ।੪।੨।

ਬਜਰ ਕੁਠਾਰੁ = ਗੁਰੂ ਦੇ ਚਰਨੀਂ ਲਗ ਕੇ ਮਿੰਨਤਾਂ ਕਰ ਕੇ ਉਸ ਤੋਂ ਸ਼ਬਦ ਰੂਪ ਸਖਤ ਕੁਹਾੜਾ ਲਿਆ, ਜਿਸ ਨੇ ਮੋਹ ਨੂੰ ਵੱਢ ਦਿਤਾ (ਸ਼ਬਦਾਰਥ; ਗਿ. ਬਿਸ਼ਨ ਸਿੰਘ; ਫ.ਸ. ਸੰ.ਸ.; ਗੁ. ਗ੍ਰੰ. ਕੋਸ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।

ਮਾਰਵਾੜਿ ਜੈਸੇ ਨੀਰੁ ਬਾਲਹਾ, ਬੇਲਿ ਬਾਲਹਾ ਕਰਹਲਾ ॥ ਜਿਉ ਕੁਰੰਕ ਨਿਸਿ ਨਾਦੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੧॥ ਤੇਰਾ ਨਾਮੁ ਰੂੜੋ ਰੂਪੁ ਰੂੜੋ, ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ਰਹਾਉ॥ ਜਿਉ ਧਰਣੀ ਕਉ ਇੰਦ੍ਰੁ ਬਾਲਹਾ, ਕੁਸਮ ਬਾਸੁ ਜੈਸੇ ਭਵਰਲਾ ॥ ਜਿਉ ਕੋਕਿਲ ਕਉ ਅੰਬੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੨॥ ਚਕਵੀ ਕਉ ਜੈਸੇ ਸੂਰੁ ਬਾਲਹਾ, ਮਾਨ ਸਰੋਵਰ ਹੰਸੁਲਾ ॥ ਜਿਉ ਤਰੁਣੀ ਕਉ ਕੰਤੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੩॥ ਬਾਰਿਕ ਕਉ ਜੈਸੇ ਖੀਰੁ ਬਾਲਹਾ, ਚਾਤ੍ਰਿਕ ਮੁਖ ਜੈਸੇ ਜਲਧਰਾ ॥ ਮਛੁਲੀ ਕਉ ਜੈਸੇ ਨੀਰੁ ਬਾਲਹਾ, ਤਿਉ ਮੇਰੈ ਮਨਿ ਰਾਮਈਆ ॥੪॥ ਸਾਧਿਕ ਸਿਧ ਸਗਲ ਮੁਨਿ ਚਾਹਹਿ, ਬਿਰਲੇ ਕਾਹੂ ਡੀਠੁਲਾ ॥ ਸਗਲ ਭਵਣ ਤੇਰੋ ਨਾਮੁ ਬਾਲਹਾ, ਤਿਉ ਨਾਮੇ ਮਨਿ ਬੀਠੁਲਾ ॥੫॥੩॥ (ਹੇ ਭਾਈ!) ਮਾਰਵਾੜ ਵਰਗੇ ਖੁਸ਼ਕ ਇਲਾਕੇ ਵਿਚ ਜਿਵੇਂ ਪਾਣੀ ਪਿਆਰਾ ਲਗਦਾ ਹੈ ਅਤੇ ਊਠ ਨੂੰ ਵੇਲਾਂ ਬੂਟੇ ਪਿਆਰੇ (ਸੁਆਦ) ਲਗਦੇ ਹਨ।ਰਾਤ ਦੇ ਸਮੇਂ ਜਿਸ ਤਰ੍ਹਾਂ ਹਿਰਨ ਨੂੰ ਘੰਟੇ ਦੀ ਆਵਾਜ ਪਿਆਰੀ ਲਗਦੀ ਹੈ, ਇਸੇ ਤਰ੍ਹਾਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲਗਦਾ ਹੈ।੧।ਹੇ ਮੇਰੇ ਸੋਹਣੇ ਰਾਮ! ਤੇਰਾ ਨਾਮ ਸੋਹਣਾ ਹੈ, ਤੇਰਾ ਰੂਪ ਸੋਹਣਾ ਹੈ ਅਤੇ ਤੇਰਾ ਰੰਗ ਵੀ ਬਹੁਤ ਸੋਹਣਾ ਹੈ।੧।ਰਹਾਉ।ਜਿਸ ਤਰ੍ਹਾਂ ਧਰਤੀ ਨੂੰ ਮੀਂਹ ਪਿਆਰਾ ਲਗਦਾ ਹੈ ਅਤੇ ਭੌਰੇ ਨੂੰ ਫੁੱਲਾਂ ਦੀ ਸੁਗੰਧੀ ਪਿਆਰੀ ਲਗਦੀ ਹੈ।ਜਿਵੇਂ ਕੋਇਲ ਨੂੰ ਅੰਬ ਪਿਆਰਾ ਲਗਦਾ ਹੈ, ਤਿਵੇਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲਗਦਾ ਹੈ।੨।ਜਿਸ ਤਰ੍ਹਾਂ ਚਕਵੀ ਨੂੰ ਸੂਰਜ ਪਿਆਰਾ ਲਗਦਾ ਹੈ ਅਤੇ ਹੰਸ ਨੂੰ ਮਾਨ ਸਰੋਵਰ। ਜਿਵੇਂ ਜਵਾਨ ਇਸਤ੍ਰੀ ਨੂੰ ਅਪਣਾ ਪਤੀ ਪਿਆਰਾ ਲਗਦਾ ਹੈ, ਤਿਵੇਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲਗਦਾ ਹੈ।੩।ਜਿਵੇਂ ਬੱਚੇ ਨੂੰ ਦੁੱਧ ਪਿਆਰਾ ਲਗਦਾ ਹੈ ਅਤੇ ਪਪੀਹੇ ਦੇ ਮੂੰਹ ਵਿਚ ਮੀਂਹ ਦੀ ਧਾਰ (ਸ੍ਵਾਂਤੀ ਬੂੰਦ) ਪਿਆਰੀ ਲਗਦੀ ਹੈ।ਮੱਛੀ ਨੂੰ ਜਿਵੇਂ ਪਾਣੀ ਪਿਆਰਾ ਲਗਦਾ ਹੈ, ਤਿਵੇਂ ਮੇਰੇ ਮਨ ਵਿਚ ਸੋਹਣਾ ਰਾਮ ਪਿਆਰਾ ਲਗਦਾ ਹੈ।੪।(ਹੇ ਪ੍ਰਭੂ!) ਤਪੱਸਿਆ ਕਰਨ ਵਾਲੇ, ਕਰਾਮਾਤੀ ਸਿੱਧ ਅਤੇ ਮੁਨੀ ਲੋਕ ਸਾਰੇ ਤੇਰਾ ਦਰਸ਼ਨ ਕਰਨਾ ਚਾਹੁੰਦੇ ਹਨ, ਪਰ ਕਿਸੇ ਵਿਰਲੇ ਪੁਰਖ ਨੇ ਤੈਨੂੰ ਦੇਖਿਆ ਹੈ।ਜਿਵੇਂ ਸਾਰੇ ਸੰਸਾਰ ਨੂੰ ਤੇਰਾ ਨਾਮ ਪਿਆਰਾ ਹੈ, ਤਿਵੇਂ ਨਾਮ ਦੇਵ ਦੇ ਮਨ ਵਿਚ ਬੀਠਲ ਪਿਆਰਾ ਹੈ।੫।੩।

ਪਦਾਰਥ = ਮਾਰਵਾੜਿ–ਰਾਜਸਥਾਨ ਵਿਚ ਮਾਰਵਾੜ ਦਾ ਰੇਤਲਾ ਇਲਾਕਾ।ਜੈਸੇ–ਜਿਸ ਤਰ੍ਹਾਂ।ਨੀਰੁ–ਪਾਣੀ।ਬਾਲਹਾ–ਪਿਆਰਾ। ਬੇਲਿ–ਵੇਲਾਂ ਬੂਟੇ।ਕਰਹਲਾ–ਊਠਾਂ ਨੂੰ।ਕੁਰੰਕ–ਹਿਰਣ।ਨਿਸਿ–ਰਾਤ ਸਮੇਂ।ਨਾਦ–ਘੰਟੇ ਦੀ ਆਵਾਜ।ਮਨਿ–ਮਨ ਵਿਚ।ਰਾਮਈਆ– ਸਰਬ ਵਿਆਪਕ ਸੋਹਣਾ ਰਾਮ।੧।ਰੂੜੋ–ਸੋਹਣਾ।ਅਤਿ–ਬਹੁਤ।੧।ਰਹਾਉ।ਧਰਣੀ–ਧਰਤੀ।ਕਉ–ਨੂੰ।ਇੰਦ੍ਰ–ਮੀਂਹ।ਕੁਸਮ ਬਾਸੁ –ਫੁੱਲਾਂ ਦੀ ਸੁਗੰਧੀ।ਭਵਰਲਾ–ਭੌਰੇ ਨੂੰ।ਕੋਕਿਲ–ਕੋਇਲ।੨।ਸੂਰੁ–ਸੂਰਜ।ਹੰਸੁਲਾ–ਹੰਸ ਨੂੰ।ਤਰੁਣੀ–ਨਵੀਂ ਵਿਆਹੀ ਇਸਤ੍ਰੀ। ਕੰਤੁ–ਪਤੀ।੩।ਬਾਰਿਕ–ਬੱਚਾ।ਖੀਰੁ–ਦੁੱਧ।ਚਾਤ੍ਰਿਕ–ਪਪੀਹਾ।ਮੁਖ ਜਲਧਰਾ–ਮੀਂਹ ਦੀ ਧਾਰ (ਜਿਸ ਤੋਂ ਪਪੀਹੇ ਦੇ) ਮੂੰਹ ਵਿਚ ਸ੍ਵਾਂਤੀ ਬੂੰਦ ਪੈਂਦੀ ਹੈ।੪।ਸਾਧਿਕ–ਸਾਧਨਾ ਕਰਨ ਵਾਲੇ (ਅਭਿਆਸੀ) ਸਾਧੂ।ਸਿਧ–ਕਰਾਮਾਤੀ ਸਿੱਧ।ਸਗਲ–ਸਾਰੇ।ਮੁਨਿ–ਰਿਸ਼ੀ ਮੁਨੀ।ਚਾਹਹਿ–ਚਾਹੁੰਦੇ ਹਨ।ਬਿਰਲੇ ਕਾਹੂ–ਕਿਸੇ ਵਿਰਲੇ ਨੇ।ਡੀਠੁਲਾ–ਦੇਖਿਆ ਹੈ।ਭਵਣ–ਸੰਸਾਰ।ਨਾਮੇ–ਨਾਮ ਦੇਵ ਦੇ।ਬੀਠੁਲਾ– ਸਰਬ ਵਿਆਪਕ ਪ੍ਰਮਾਤਮਾ (ਨਾਮ ਦੇਵ ਜੀ ਨੇ ਪ੍ਰਮਾਤਮਾ ਲਈ ਜਿਆਦਾ ਤਰ ਬੀਠਲ ਸ਼ਬਦ ਵਰਤਿਆ ਹੈ)।੫।੩।

ਪਹਿਲ ਪੁਰੀਏ ਪੁੰਡਰਕ ਵਨਾ ॥ ਤਾ ਚੇ ਹੰਸਾ ਸਗਲੇ ਜਨਾਂ ॥ ਕ੍ਰਿਸ੍ਨਾ ਤੇ ਜਾਨਉ ,ਹਰਿ ਹਰਿ ਨਾਚੰਤੀ ਨਾਚਨਾ ॥੧॥ ਪਹਿਲ ਪੁਰਸਾ ਬਿਰਾ ॥ ਅਥੋਨ ਪੁਰਸਾਦਮਰਾ ॥ ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ, ਨਾਚੈ ਪਿੰਧੀ ਮਹਿ ਸਾਗਰਾ ॥੧॥ਰਹਾਉ॥ ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥ ਤਰਕੁ ਨ ਚਾ ॥ ਭ੍ਰਮੀਆ ਚਾ ॥ ਕੇਸਵਾ ਬਚਉਨੀ ਅਈਏ ਮਈਏ, ਏਕ ਆਨ ਜੀਉ

॥੨॥ ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥ ਤੂ ਕੁਨੁ ਰੇ ॥ ਮੈ ਜੀ ॥ ਨਾਮਾ ॥ ਹੋ ਜੀ ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥ (ਹੇ ਭਾਈ! ਸਭ ਤੋਂ) ਪੂਰਨ ਪ੍ਰਮਾਤਮਾ ਤੋਂ ਕੰਵਲ ਫੁੱਲ ਬਣਿਆ; ਆਦਿ ਪੁਰਖ ਤੋਂ ਚਿੱਟੇ ਕਮਲ ਫੁੱਲਾਂ ਦਾ ਬਾਗ (ਜਗਤ) ਪੈਦਾ ਹੋਇਆ। ਉਸ (ਹਰੀ; ਕਮਲ ਦੀ ਨਾਲੀ) ਤੋਂ ਬ੍ਰਹਮਾ ਅਤੇ ਸਾਰੇ ਲੋਕ (ਜੀਵ ਜੰਤ) ਪੈਦਾ ਹੋਏ (ਨਾਮ ਦੇਵ ਜੀ ਨੇ ਇਹ ਮੱਤ ਪੁਰਾਣਾਂ ਦਾ ਦਿਤਾ ਹੈ)। ਹਰੀ ਦੀ ਸ੍ਰਿਸਟੀ ਨੱਚ ਰਹੀ ਹੈ, ਜਾਣ ਲਵੋ ਕਿ ਮਾਇਆ ਤੋਂ ਪ੍ਰੇਰਕ ਹੋ ਕੇ (ਇਹ ਸ੍ਰਿਸਟੀ ਕਿਰਿਆ ਸ਼ੀਲ ਹੈ)।੧। ਪਹਿਲਾਂ ਪੁਰਖ (ਹਰੀ) ਤੋਂ ਬਾਣੀ ਹੋਈ; ਪੁਰਖ (ਹਰੀ) ਪ੍ਰਗਟ ਹੋਇਆ {ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ੪੬੩}। ਪਿੱਛੋਂ ਹਰੀ ਪੁਰਖ ਤੋਂ ਮਾਇਆ (ਕੁਦਰਤ) ਬਣੀ {ਦੁਯੀ ਕੁਦਰਤਿ ਸਾਜੀਐ ੪੬੩}। ਇਸ (ਮਾਇਆ) ਦਾ ਅਤੇ ਉਸ (ਹਰੀ) ਦਾ ਮੇਲ ਹੋਇਆ। (ਜਿਸ ਤੋਂ) ਹਰੀ ਦਾ ਬਗੀਚਾ ਹੋਂਦ ਵਿਚ ਆਇਆ, (ਸਭ ਵਿਚ) ਹਰੀ ਹੀ ਨਚ ਰਿਹਾ ਹੈ, ਜਿਵੇਂ ਟਿੰਡਾਂ ਵਿਚ ਪਾਣੀ (ਅਤੇ ਪਾਣੀ ਵਿਚ ਟਿੰਡਾਂ ਹਨ, ਤਿਵੇਂ ਸ੍ਰਿਸਟੀ ਵਿਚ ਪ੍ਰਭੂ ਅਤੇ ਪ੍ਰਭੂ ਵਿਚ ਸ੍ਰਿਸਟੀ ਹੈ)। ੧। ਰਹਾਉ। ਜੀਵ ਰੂਪ ਗੋਪੀਆਂ ਨੱਚ ਰਹੀਆਂ ਹਨ। ਮਾਲਕ (ਹਰੀ) ਤੋਂ ਬਿਨਾ ਹੋਰ ਕੋਈ ਨਹੀਂ। (ਇਸ ਗੱਲ ਉਤੇ) ਤਰਕ ਨਾ ਕਰ । ਤਰਕ ਭਰਮ ਵਾਲਾ (ਭਰਮ ਪੈਦਾ ਕਰਦਾ) ਹੈ। ਹਰੀ ਦਾ ਬਚਨ ਹੈ ਕਿ ਇਹ (ਸੰਸਾਰ) ਅਤੇ ਮੈਂ ਇਕੋ ਜਿਹੇ ਹਾਂ (ਸੰਸਾਰ ਮੇਰਾ ਰੂਪ ਹੈ)।੨। ਸੰਸਾਰ ਰੂਪ ਖੂਹ ਵਿਚ ਜੀਵ ਰੂਪ ਟਿੰਡਾਂ ਉਪਰ ਥੱਲੇ ਆਉਂਦੀਆਂ ਤੇ ਜਾਂਦੀਆਂ ਰਹਿੰਦੀਆ ਹਨ (ਸੰਸਾਰ ਦੀ ਕਲਾ ਖੂਹ ਦੀਆਂ ਟਿੰਡਾਂ ਵਾਂਗ ਉਪਰ ਥੱਲੇ ਹੁੰਦੀ ਰਹਿੰਦੀ ਹੈ। ਹੇ ਹਰੀ! ਅਸੀਂ ਜੀਵ ਉਚੀਆਂ ਨੀਵੀਆਂ ਅਨੇਕਾਂ ਜੂਨਾਂ) ਭਟਕਦੇ ਫਿਰਦੇ ਤੇਰੇ ਦੁਆਰੇ ਤੇ ਆਏ ਹਾਂ। (ਹਰੀ ਨੇ ਪੁਛਿਆ) ਹੇ ਭਾਈ! ਤੂੰ ਕੌਣ ਹੈਂ? (ਨਾਮ ਦੇਵ ਪੁਛਦੇ ਹਨ ਕਿ) ਹੇ ਪ੍ਰਭੂ ਜੀ! ਮੈਂ? (ਉਤਰ ਦੇਂਦੇ ਹਨ) ਹੇ ਪ੍ਰਭੂ ਜੀ! ਮੈਂ ਨਾਮਾ ਹਾਂ। ਮੈਨੂੰ ਮਾਇਆ ਦੇ ਜਾਲ ਤੋਂ, ਜੋ ਮੌਤ ਦਾ ਕਾਰਣ ਹੈ, ਬਚਾ ਲਵੋ।੩।੪।

ਪਦਾਰਥ = ਪਹਿਲ ਪੁਰੀਏ–ਸਭ ਤੋਂ ਪਹਿਲਾਂ ਪੂਰਨ ਪ੍ਰਮਾਤਮਾ ਤੋਂ; ਆਦਿ ਪੁਰਖ ਤੋਂ। ਪੁੰਡਰਕ–(ਪਾਂਡਰੇ–ਮਰਾਠੀ ਬੋਲੀ) ਚਿੱਟਾ ਕਮਲ। ਵਨਾ–ਪੈਦਾ ਹੋਇਆ; ਬਣਿਆ; (ਜਗਤ ਰੂਪ) ਬਾਗ। ਕ੍ਰਿਸ੍ਹਾ ਤੇ–ਮਾਇਆ ਤੋਂ। ਜਾਨਊ–ਜਾਣ ਲਵੋ। ਨਾਚਨਾ–ਨੱਚਣ ਵਾਲੀ (ਰਚਨਾ; ਸ੍ਰਿਸਟੀ)।੧। ਪੁਰਸਾਬਿਰਾ–ਪੁਰਖ (ਹਰੀ) ਤੋਂ ਬਾਣੀ ਹੋਈ; ਪੁਰਸ+ਆਬਿਰਾ–ਪੁਰਖ ਪ੍ਰਗਟ ਹੋਇਆ। ਅਥੋਨ–ਪਿਛੋਂ। ਪੁਰਸਾ ਦਮਰਾ–(ਪੁਰਸਾਤ ਆਮਰਾ) ਪੁਰਖ (ਹਰੀ) ਤੋਂ ਮਾਇਆ। ਅਸਗਾ–ਇਸ (ਮਾਇਆ) ਦਾ। ਅਸ–ਹੈ। ਉਸਗਾ–ਉਸ (ਹਰੀ) ਦਾ। ਬਾਗਰਾ–ਬਗੀਚਾ। ਪਿੰਧੀ ਮਹਿ–ਟਿੰਡਾਂ ਵਿਚ। ਸਾਗਰਾ–ਪਾਣੀ।੧। ਰਹਾਉ। ਨਾਚੰਤੀ–ਨੱਚ ਰਹੇ ਹਨ। ਗੋਪੀ ਜੰਨਾ–ਜੀਵ ਰੂਪ ਗੋਪੀਆਂ। ਨਈਆ–ਨਾਇਕ (ਮਾਲਕ ਪ੍ਰਭੂ)। ਤੇ–ਤੋਂ। ਬੈਰੇ–ਬਿਨਾ। ਕੰਨਾ–(ਕੰ+ਨਾ) ਕੋਈ ਨਹੀਂ। ਤਰਕੁ–ਨੁਕਤਾਚੀਨੀ; ਸ਼ੰਕਾ। ਨ ਚਾ–ਨਾ ਕਰ। ਭ੍ਰਮੀਆ ਚਾ–ਭਰਮ ਵਾਲਾ ਹੈ। ਕੇਸਵਾ–ਪ੍ਰਭੂ ਦੇ। ਬਚਉਨੀ–ਬਚਨ। ਅਈਏ–ਇਹ (ਸੰਸਾਰ)। ਮਈਏ–ਮੈਂ (ਪ੍ਰਭੂ)। ਏਕ ਆਨ–ਇਕੋ ਜਿਹੇ (ਇਕ ਰੂਪ) ਹਾਂ।੨। ਉਭ ਕਲੇ–ਉਪਰ ਥੱਲੇ। ਸੰਸਾਰਾ–ਸੰਸਾਰ (ਰੂਪ ਖੂਹ) ਵਿਚ। ਭ੍ਰਮਿ ਭ੍ਰਮਿ–ਭਟਕਦੇ ਫਿਰਦੇ। ਤੁਮ ਚੇ–ਤੇਰੇ। ਕੁਨੁ–ਕੌਣ ਹੈਂ। ਰੇ–ਹੇ ਭਾਈ!। ਜੀ–ਹੇ ਪ੍ਰਭੂ ਜੀ!। ਆਲਾ–ਮਾਇਆ; ਸੰਸਾਰ ਰੂਪ ਘਰ (ਦੇ ਜੰਜਾਲ)। ਜਮ ਕਾਰਣਾ–ਮੌਤ ਦਾ ਕਾਰਣ; ਜਨਮ ਮਰਣ ਦਾ ਕਾਰਣ; ਜਮਾਂ ਦੇ ਦੁੱਖਾਂ ਦਾ ਕਾਰਣ। ਨਿਵਾਰਣਾ–ਬਚ ਲਵੋ।੩।੪।

ਅੰਗ ੬੯੪ = ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ ਧੰਨਿ ਤੇ ਵੈ ਮੁਨਿ ਜਨ, ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥ ਮੇਰੈ ਮਾਥੈ ਲਾਗੀਲੇ, ਧੂਰਿ ਗੋਬਿੰਦ ਚਰਨਨ ਕੀ ॥ ਸੁਰਿ ਨਰ ਮੁਨਿ ਜਨ ਤਿਨ ਹੂ ਤੇ ਦੂਰਿ ॥੧॥ਰਹਾਉ॥ ਦੀਨ ਕਾ ਦਇਆਲ ਮਾਧੌ ਗਰਬੁ ਪਰਹਾਰੀ ॥ ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥ ਹੇ ਮਾਇਆ ਦੇ ਪਤੀ ਪ੍ਰਭੂ! ਡਿਗੇ ਹੋਏ ਮਨੁੱਖਾਂ ਨੂੰ ਪਵਿਤ੍ਰ ਕਰਨ ਵਾਲਾ ਤੇਰਾ ਮੁੱਢ ਦਾ ਹੀ ਧਰਮ ਹੈ। ਉਹ ਰਿਸ਼ੀ ਮੁਨੀ ਤੇ ਭਗਤ ਜਨ ਧੰਨਤਾ ਦੇ ਯੋਗ ਹਨ, ਜਿਨ੍ਹਾਂ ਨੇ ਮੇਰੇ ਹਰੀ ਪ੍ਰਭੂ ਨੂੰ ਸਿਮਰਿਆ ਹੈ।੧। (ਹੇ ਭਾਈ!) ਮੇਰੇ ਮੱਥੇ ਉਤੇ ਗੋਬਿੰਦ ਦੇ ਚਰਨਾਂ ਦੀ ਧੂੜ ਲੱਗੀ ਹੈ। ਜੋ ਦੇਵਤੇ, ਮਨੁੱਖ ਅਤੇ ਰਿਸ਼ੀ ਮੁਨੀ ਲੋਕ ਹਨ, (ਹਰੀ ਦੇ ਚਰਨਾਂ ਦੀ ਧੂੜ) ਉਨ੍ਹਾਂ ਤੋਂ ਵੀ ਦੂਰ ਹੈ (ਹੰਕਾਰ ਦੇ ਕਾਰਣ ਉਨ੍ਹਾਂ ਨੂੰ ਇਹ ਧੂੜ ਨਹੀਂ ਮਿਲ ਸਕੀ)।੧। ਰਹਾਉ। ਹੇ ਪ੍ਰਭੂ! ਗਰੀਬਾਂ ਤੇ ਤੂੰ ਦਇਆ ਕਰਨ ਵਾਲਾ ਹੈਂ ਅਤੇ (ਹੰਕਾਰੀਆਂ ਦਾ) ਹੰਕਾਰ ਨਾਸ ਕਰਨ ਵਾਲਾ ਹੈਂ। ਨਾਮ ਦੇਵ ਤੇਰੇ ਚਰਨਾਂ ਦੀ ਸ਼ਰਨ ਵਿਚ ਹੈ ਅਤੇ ਤੈਥੋਂ ਕੁਰਬਾਨ ਜਾਂਦਾ ਹੈ।੨।੫।

ਪਦਾਰਥ = ਪਤਿਤ–ਆਚਰਨ ਤੋਂ ਡਿੱਗੇ ਹੋਏ (ਮਨੁੱਖਾਂ) ਨੂੰ। ਪਾਵਨ–ਪਵਿਤ੍ਰ ਕਰਨ ਵਾਲਾ। ਮਾਧਉ–ਮਾਇਆ ਦਾ ਪਤੀ ਪ੍ਰਭੂ। ਬਿਰਦੁ–ਮੁੱਢ ਦਾ ਧਰਮ; ਸੁਭਾਵ; ਪਰਣ । ਤੇ–ਅਤੇ। ਵੈ–ਉਹ। ਮੁਨਿ ਜਨ–ਰਿਸ਼ੀ ਲੋਕ।੧। ਮਾਥੈ–ਮੱਥੇ ਉਤੇ। ਲਾਗੀਲੇ–ਲੱਗੀ ਹੈ। ਗੋਬਿੰਦ–ਪ੍ਰਿਥਵੀ ਦਾ ਮਾਲਕ ਪ੍ਰਭੂ। ਚਰਨਨ ਕੀ–ਚਰਨਾਂ ਦੀ। ਸੁਰਿ–ਦੇਵਤੇ। ਨਰ–ਮਨੁੱਖ। ਤਿਨ ਹੂ ਤੇ–ਉਨ੍ਹਾਂ ਤੋਂ ਵੀ।੧। ਰਹਾਉ। ਦੀਨ ਕਾ ਦਇਆਲ–ਗਰੀਬਾਂ ਉਤੇ ਦਇਆ ਕਰਨ ਵਾਲਾ। ਮਾਧੌ–ਮਾਇਆ ਦਾ ਪਤੀ ਪ੍ਰਭੂ। ਗਰਬੁ–ਹੰਕਾਰ। ਪਰਹਾਰੀ–ਨਾਸ਼ ਕਰਨ ਵਾਲਾ। ਨਾਮਾ–ਨਾਮ ਦੇਵ। ਬਲਿ–ਬਲਹਾਰ (ਸਦਕੇ) ਜਾਂਦਾ ਹਾਂ। ਤਿਹਾਰੀ–ਤੈਥੋਂ।੨।੫।

ਧਨਾਸਰੀ ਭਗਤ ਰਵਿਦਾਸ ਜੀ ਕੀ ੴ ਸਤਿਗੁਰ ਪ੍ਰਸਾਦਿ ॥ ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥ ਬਚਨੀ ਤੋਰ ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ ॥੧॥ ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ

ਕਵਨ ਅਬੋਲ ॥ਰਹਾਉ॥ ਬਹੁਤ ਜਨਮ ਬਿਛੁਰੇ ਥੇ ਮਾਧਉ ,ਇਹੁ ਜਨਮੁ ਤੁਮ੍ਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ,ਚਿਰੁ ਭਇਓ ਦਰਸਨੁ ਦੇਖੇ ॥੨॥੧॥ (ਹੇ ਹਰੀ!) ਮੇਰੇ ਵਰਗਾ ਕੋਈ ਗਰੀਬ ਨਹੀਂ ਅਤੇ ਤੇਰੇ ਵਰਗਾ ਕੋਈ ਦਿਆਲੂ ਨਹੀਂ, ਹੁਣ (ਇਸ ਗੱਲ ਦਾ ਹੋਰ) ਪਰਤਿਆਵਾ ਕੀ ਕਰੀਏ? ਤੇਰੇ ਬਚਨਾਂ ਉਤੇ ਮੇਰਾ ਮਨ ਮੰਨ (ਮਨ ਨੂੰ ਨਿਸ਼ਚਾ ਹੋ) ਜਾਵੇ, ਅਪਣੇ ਦਾਸ ਨੂੰ ਇਹੀ ਪੂਰਨ ਨਿਸ਼ਚਾ ਬਖਸ਼ ਦਿਓ।੧।ਹੇ ਵਿਆਪਕ ਰਾਮ! ਮੈਂ ਤੇਰੇ ਵਾਸਤੇ ਬਾਰ ਬਾਰ ਬਲਹਾਰ ਜਾਂਦਾ ਹਾਂ।(ਮੇਰੇ ਨਾਲ ਤੇਰਾ) ਨਾ ਬੋਲਣ ਦਾ ਕੀ ਕਾਰਨ ਹੈ?।ਰਹਾਉ।ਹੇ ਮਾਧੋ! ਤੇਰੇ ਨਾਲੋਂ ਬਹੁਤ ਜਨਮ ਵਿਛੜੇ ਰਹੇ ਸੀ, (ਪਰ ਹੁਣ) ਇਹ ਮਨੁੱਖਾ ਜਨਮ ਤੇਰੇ ਲੇਖੇ ਲਾ (ਤੈਨੂੰ ਸਮਰਪਣ ਕਰ) ਦਿਤਾ ਹੈ।ਰਵਿਦਾਸ ਜੀ ਆਖਦੇ ਹਨ ਕਿ ਤੇਰਾ ਦਰਸ਼ਨ ਦੇਖਿਆਂ ਬਹੁਤ ਚਿਰ ਹੋ ਗਿਆ ਹੈ, (ਹੁਣ ਤੇਰੇ ਦਰਸ਼ਨ ਦੀ) ਆਸ ਵਿਚ ਲਗ ਕੇ ਜਿਉਂਦਾ ਹਾਂ।੨।੧।

ਪਦਾਰਥ = ਹਮ ਸਰਿ–ਮੇਰੇ ਵਰਗਾ।ਦੀਨ–ਨਿਮਾਣਾ; ਗਰੀਬ।ਅਬ–ਹੁਣ।ਪਤੀਆਰੁ–ਪਰਤਿਆਵਾ; ਪ੍ਰੀਖਿਆ।ਕਿਆ ਕੀਜੈ–ਕੀ ਕਰੀਏ? ਬਚਨੀ ਤੋਰ–ਤੇਰੇ ਬਚਨਾਂ ਉਤੇ।ਮੋਰ–ਮੇਰਾ।ਮਨੁ ਮਾਨੈ–ਮਨ ਮੰਨ (ਨਿਸਚਾ ਹੋ) ਜਾਵੇ।ਜਨ ਕਉ–ਦਾਸ ਨੂੰ।ਪੂਰਨ–ਪੂਰਨ ਨਿਸ਼ਚਾ।੧।ਹਉ–ਮੈਂ।ਬਲਿ ਬਲਿ ਜਾਉ–ਬਾਰ ਬਾਰ ਬਲਹਾਰ ਜਾਂਦਾ ਹਾਂ।ਰਮਈਆ–ਹੇ ਵਿਆਪਕ ਪ੍ਰਭੂ!।ਕਾਰਨੇ–ਵਾਸਤੇ। ਕਵਨ–ਕੀ; ਕਿਹੜਾ।ਅਬੋਲ–ਨਾ ਬੋਲਣ ਦਾ।ਰਹਾਉ।ਥੇ–ਸੀ।ਮਾਧਉ–ਹੇ ਮਾਇਆ ਦੇ ਪਤੀ ਪ੍ਰਭੂ!।ਤੁਮ੍ਰੇ ਲੇਖੇ–ਤੇਰੇ ਅਰਥ ਲਾਉਣ ਵਾਸਤੇ; ਤੇਰਾ ਸਿਮਰਨ ਕਰਨ ਵਾਸਤੇ।ਜੀਵਉ–ਮੈਂ ਜਿਉਂਦਾ ਹਾਂ।ਚਿਰੁ ਭਇਓ–ਬਹੁਤ ਦੇਰ ਹੋ ਗਈ।੨।੧।

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ, ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ,ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥ ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥ ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ, ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ,ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ (ਹੇ ਪ੍ਰਭੂ! ਅਰਦਾਸ ਕਰਦਾ ਹਾਂ ਕਿ) ਮੈਂ ਚਿਤ ਨਾਲ ਤੇਰਾ ਸਿਮਰਨ ਕਰਦਾ ਰਹਾਂ, ਅੱਖਾਂ ਨਾਲ ਤੇਰਾ ਦਰਸ਼ਨ ਕਰਦਾ ਰਹਾਂ ਅਤੇ ਕੰਨਾਂ ਵਿਚ ਤੇਰੀ ਬਾਣੀ ਅਤੇ (ਤੇਰਾ) ਸ੍ਰੇਸਟ ਜਸ ਭਰ ਰੱਖਾਂ।ਅਪਣੇ ਮਨ ਨੂੰ (ਹਰੀ ਦੇ ਚਰਨਾਂ ਕੰਵਲਾਂ ਦਾ) ਸੁੰਦਰ ਭੌਰਾ ਬਣਾਵਾਂ, (ਤੇਰੇ) ਚਰਨਾਂ ਨੂੰ ਹਿਰਦੇ ਵਿਚ ਟਿਕਾ ਲਵਾਂ ਅਤੇ ਰਸਨਾ ਨਾਲ ਪ੍ਰਭੂ ਦਾ ਅੰਮ੍ਰਿਤ ਨਾਮ ਉਚਾਰਨ ਕਰਦਾ ਰਹਾਂ।੧।(ਹੇ ਭਾਈ!) ਪ੍ਰਭੂ ਨਾਲ ਮੇਰੀ ਪ੍ਰੀਤ ਕਦੇ ਨਾ ਘਟੇ।ਮੈਂ ਤਾਂ (ਇਹ ਪ੍ਰੀਤ) ਬੜੇ ਮਹਿੰਗੇ ਮੁੱਲ ਨਾਲ ਮਨ ਦੇ ਬਦਲੇ (ਮਨ ਦੇ ਕੇ) ਲਈ ਹੈ।੧।ਰਹਾਉ।(ਹੇ ਪ੍ਰਭੂ! ਤੇਰੇ) ਸਾਧੂਆਂ ਦੀ ਸੰਗਤ ਕੀਤੇ ਬਿਨਾ ਪ੍ਰੇਮ ਪੈਦਾ ਨਹੀਂ ਹੁੰਦਾ ਅਤੇ ਪ੍ਰੇਮ ਬਿਨਾ ਤੇਰੀ ਭਗਤੀ ਨਹੀਂ ਹੋ ਸਕਦੀ।ਰਵਿਦਾਸ ਜੀ ਕਹਿੰਦੇ ਹਨ ਕਿ ਹਰੀ ਪਾਸ ਮੇਰੀ ਇਕ ਬੇਨਤੀ ਹੈ, ਹੇ ਰਾਜ ਰਾਮ! (ਕ੍ਰਿਪਾ ਕਰਕੇ) ਮੇਰੀ ਪੈਜ ਰੱਖੋ ਜੀ (ਤੇਰੇ ਨਾਲ ਮੇਰਾ ਪ੍ਰੇਮ ਬਣਿਆ ਰਹੇ)।੨।੨।

ਪਦਾਰਥ = ਕਰਉ–ਮੈਂ ਕਰਾਂ; ਬਣਾਵਾਂ।ਨੈਨ–ਅੱਖਾਂ ਨਾਲ।ਅਵਿਲੋਕਨੋ–ਮੈਂ ਦੇਖਾਂ (ਦਰਸ਼ਨ ਕਰਾਂ)।ਸ੍ਰਵਨ–ਕੰਨਾਂ ਵਿਚ। ਸੁਜਸੁ–ਸ੍ਰੇਸਟ ਜਸ।ਪੂਰਿ ਰਾਖਉ–ਮੈਂ ਭਰ ਰੱਖਾਂ।ਸੁਮਧੁਕਰੁ–ਸੁੰਦਰ ਭੌਰਾ।ਹਿਰਦੇ–ਹਿਰਦੇ ਵਿਚ।ਰਸਨ–ਜੀਭ ਨਾਲ।ਭਾਖਉ–ਉਚਾਰਨ ਕਰਾਂ।੧।ਸਿਉ–ਨਾਲ।ਜਿਨਿ ਘਟੈ–ਨਾ ਘਟੇ।ਮੈ ਤਉ–ਮੈਂ ਤਾਂ।ਮੋਲਿ ਮਹਗੀ–ਮਹਿੰਗੇ ਮੁੱਲ ਨਾਲ।ਜੀਅ ਸਟੈ–ਮਨ ਦੇ ਬਦਲੇ।੧। ਰਹਾਉ।ਭਾਉ–ਪ੍ਰੇਮ।ਭਾਵ–ਪ੍ਰੇਮ; ਭਾਵਨਾ।ਸਿਉ–ਨਾਲ; ਪਾਸ।ਪੈਜ–ਇੱਜਤ।ਰਾਜਾ ਰਾਮ–ਪ੍ਰਕਾਸ਼ ਸਰੂਪ ਪ੍ਰਭੂ।੨।੨।

ਚਿਤ ਸਿਰਮਰਨੁ = ਦਿਲ ਇਸ ਲਈ ਹੈ ਕਿ ਤੈਨੂੰ ਯਾਦ ਕਰਾਂ, ਅੱਖਾਂ ਤੈਨੂੰ ਦੇਖਣ ਲਈ ਹਨ, ਕੰਨ ਇਸ ਲਈ ਹਨ ਕਿ ਤੇਰੀ ਬਾਣੀ ਅਤੇ ਉਤਮ ਜਸ ਭਰੀ ਰੱਖਾਂ (ਸ਼ਬਦਾਰਥ)।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ਰਹਾਉ॥ ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ, ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ, ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥ ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ ॥੨॥ ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ, ਭਾਰ ਅਠਾਰਹ ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ ,ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ਦਸ ਅਠਾ ਅਠਸਠੇ ਚਾਰੇ ਖਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ, ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ ਹੇ ਪ੍ਰਭੂ! ਤੇਰਾ ਨਾਮ (ਜਪਣਾ ਹੀ ਮੇਰੇ ਲਈ) ਆਰਤੀ ਹੈ ਤੇ (ਮੂਰਤੀ ਦਾ) ਇਸ਼ਨਾਨ ਹੈ।ਹਰੀ ਦੇ ਨਾਮ ਸਿਮਰਨ ਤੋਂ ਬਿਨਾ ਬਾਕੀ ਸਾਰੇ ਪਸਾਰੇ ਝੂਠੇ ਹਨ।੧।ਰਹਾਉ।(ਹੇ ਪ੍ਰਭੂ!) ਤੇਰਾ ਨਾਮ ਹੀ (ਮੇਰੇ ਲਈ ਪੂਜਾ ਵਾਲਾ) ਆਸਣ ਹੈ, ਤੇਰਾ ਨਾਮ ਹੀ (ਮੇਰੇ ਲਈ ਚੰਦਨ ਰਗੜਨ ਵਾਲੀ) ਸਿਲ ਹੈ ਅਤੇ ਤੇਰਾ ਨਾਮ ਰੂਪ ਕੇਸਰ ਮੈਂ ਲੈ ਕੇ (ਤੇਰੇ ਉਤੇ) ਛਿੜਕਦਾ ਹਾਂ।ਤੇਰਾ ਨਾਮ ਹੀ ਪਾਣੀ ਹੈ, ਤੇਰਾ ਨਾਮ ਹੀ ਚੰਦਨ ਹੈ ਅਤੇ ਨਾਮ ਜਪਣਾ ਹੀ ਚੰਦਨ ਦਾ ਘਸਾਣਾ ਹੈ, ਜੋ ਮੈਂ ਲੈ ਕੇ ਤੈਨੂੰ ਚੜ੍ਹਾਉਂਦਾ ਹਾਂ।੧।(ਹੇ ਪ੍ਰਭੂ!) ਤੇਰਾ ਨਾਮ ਹੀ (ਮੇਰੇ ਲਈ) ਦੀਵਾ ਹੈ, ਤੇਰਾ ਨਾਮ ਹੀ (ਦੀਵੇ ਵਿਚ) ਬੱਤੀ ਹੈ ਅਤੇ ਤੇਰਾ ਨਾਮ ਰੂਪ ਤੇਲ ਲੈ ਕੇ (ਮੈਂ ਉਸ) ਦੀਵੇ ਵਿਚ ਪਾਉਂਦਾ ਹਾਂ।ਤੇਰੇ ਨਾਮ ਦੀ ਹੀ (ਦੀਵੇ ਦੀ ਬੱਤੀ ਨੂੰ ਤੀਲੀ ਜਗਾ ਕੇ) ਅੱਗ ਲਗਾਈ

ਹੈ, (ਜਿਸ ਨਾਮ ਕਰਕੇ) ਸਾਰੇ ਭਵਨਾਂ ਵਿਚ ਪ੍ਰਕਾਸ਼ ਹੋਇਆ ਹੈ।੨।(ਹੇ ਪ੍ਰਭੂ!) ਤੇਰਾ ਨਾਮ ਹੀ ਧਾਗਾ ਹੈ, ਨਾਮ ਹੀ ਫੁੱਲਾਂ ਦੀ ਮਾਲਾ ਹੈ, (ਬਾਕੀ ਹੋਰ) ਸਾਰੀ ਬਨਸਪਤੀ ਜੂਠੀ ਹੈ (ਭੌਰੇ ਜੂਠੀ ਕਰ ਦੇਂਦੇ ਹਨ, ਇਸ ਲਈ ਭੇਟ ਕਰਨ ਦੇ ਯੋਗ ਨਹੀਂ।ਸਭ ਕੁਛ) ਤੇਰਾ ਪੈਦਾ ਕੀਤਾ ਹੋਇਆ ਹੈ (ਮੇਰਾ ਅਪਣਾ ਤਾਂ ਕੁਛ ਵੀ ਨਹੀਂ, ਅਪਣੇ ਵੱਲੋਂ ਮੈਂ) ਤੈਨੂੰ ਕੀ ਅਰਪਣ ਕਰਾਂ? ਤੇਰਾ ਨਾਮ ਹੀ ਚੌਰ ਹੈ, ਜੋ ਤੂੰ ਆਪ ਹੀ (ਸੇਵਕ ਰੂਪ ਹੋ ਕੇ) ਝੁਲਾਉਣ ਵਾਲਾ ਹੈਂ।੩।ਸਾਰੇ ਸੰਸਾਰ ਦਾ ਵਰਤ ਵਿਹਾਰ ਇਹੋ ਹੈ ਕਿ (ਨਾਮ ਸਿਮਰਨ ਨੂੰ ਭੁਲਾ ਕੇ ਲੋਕ) ਅਠਾਰਾਂ ਪੁਰਾਣਾਂ ਦੀਆਂ ਕਥਾ ਕਹਾਣੀਆਂ ਤੇ ਅਠਾਹਟ ਤੀਰਥਾਂ ਦੇ ਇਸ਼ਨਾਨ ਨੂੰ ਹੀ ਧਰਮ ਕਰਮ ਸਮਝੀ ਬੈਠੇ ਹਨ, (ਜਿਸ ਕਰਕੇ ਉਹ) ਚਾਰ ਖਾਣੀਆਂ ਦੀਆਂ ਜੂਨੀਆਂ ਵਿਚ ਭਟਕਦੇ ਹਨ।ਰਵਿਦਾਸ ਜੀ ਆਖਦੇ ਹਨ ਕਿ ਹੇ ਹਰੀ! ਨਾਮ ਸਿਮਰਨ ਹੀ ਤੇਰੀ ਆਰਤੀ ਹੈ ਅਤੇ (ਮੇਰੇ ਵੱਲੋਂ) ਸਤਿਨਾਮ ਸਿਮਰਨ ਹੀ ਤੇਰੇ ਲਈ ਭੋਗ ਲਵਾਉਂਦਾ ਹਾਂ।੪।੩।

ਪਦਾਰਥ = ਆਰਤੀ–ਥਾਲ ਵਿਚ ਜਗਦੇ ਦੀਵੇ, ਫੁਲ ਤੇ ਹੋਰ ਸੁਗੰਧੀ ਵਾਲੀਆਂ ਚੀਜਾਂ ਰੱਖ ਕੇ ਕਿਸੇ ਮੂਰਤੀ ਅੱਗੇ ਉਹ ਥਾਲ ਉਪਰ ਥੱਲੇ ਘੁਮਾਈ ਜਾਣਾ ਤੇ ਭਜਨ ਗਾਉਣਾ ਮੂਰਤੀ ਦੀ ਆਰਤੀ ਕਰਨਾ ਕਿਹਾ ਜਾਂਦਾ ਹੈ।ਮਜਨੁ–ਇਸ਼ਨਾਨ।ਮੁਰਾਰੇ–ਹੇ ਅਗਿਆਨ ਦਾ ਨਾਸ਼ ਕਰਨ ਵਾਲੇ ਪ੍ਰਭੂ!।ਸਗਲ–ਸਾਰੇ।ਪਾਸਾਰੇ–ਖਿਲਾਰੇ; ਅਡੰਬਰ।੧।ਰਹਾਉ।ਆਸਨੋ–ਉੱਨ ਆਦਿ ਦੇ ਕੱਪੜੇ ਦਾ ਆਸਣ, ਜਿਸ ਉਤੇ ਬੈਠ ਕੇ ਪੂਜਾ ਕੀਤੀ ਜਾਂਦੀ ਹੈ।ਉਰਸਾ–ਚੰਦਨ ਰਗੜਨ ਵਾਲੀ ਸਿਲ।ਲੇ–ਲੈ ਕੇ।ਛਿਟਕਾਰੇ–ਛਿੜਕਦਾ ਹਾਂ।ਅੰਭੁਲਾ–ਪਾਣੀ।ਘਸਿ–ਘਸਾ ਕੇ।ਜਪੇ–ਜਪ ਕੇ।ਤੁਝਹਿ ਕਉ–ਤੈਨੂੰ।ਚਾਰੇ–ਚੜ੍ਹਉਦਾ ਹਾਂ।੧।ਬਾਤੀ–(ਦੀਵੇ ਦੀ) ਬੱਤੀ।ਮਾਹਿ–(ਦੀਵੇ) ਵਿਚ ।ਪਸਾਰੇ–ਪਾਇਆ ਹੈ।ਜੋਤਿ–ਅੱਗ।ਭਇਓ–ਹੋਇਆ।ਉਜਿਆਰੋ–ਪ੍ਰਕਾਸ਼।ਸਗਲਾਰੇ–ਸਾਰੇ।ਭਵਨ–ਖੰਡਾਂ ਬ੍ਰਹਮੰਡਾਂ ਵਿਚ।੨। ਤਾਗਾ–ਧਾਗਾ।ਭਾਰ ਅਠਾਰਹ–ਪੁਰਾਣਾ ਖਿਆਲ ਹੈ ਕਿ ਸਾਰੀ ਕਿਸਮ ਦੀ ਬਨਸਪਤੀ ਦਾ ਇਕ ਇਕ ਪੱਤਾ ਲਈਏ ਤਾਂ ਅਠਾਰਾਂ ਭਾਰ ਬਣਦੇ ਹਨ (ਇਕ ਭਾਰ ਪੰਜ ਮਣ ਕੱਚੇ ਦਾ ਹੈ)।ਜੂਠਾਰੇ–ਜੂਠੇ।ਕੀਆ–ਪੈਦਾ ਕੀਤਾ ਹੋਇਆ।ਤੁਝਹਿ–ਤੈਨੂੰ।ਅਰਪਉ–ਭੇਟਾ ਕਰਾਂ।ਤੁਹੀ–ਤੂੰ ਹੀ।ਢੋਲਾਰੇ–ਝੁਲਾਉਂਦਾ ਹਾਂ।੩।ਦਸ ਅਠਾ–ਅਠਾਰਾਂ ਪੁਰਾਣ।ਅਠਸਠੇ–ਅਠਾਹਟ ਤੀਰਥ।ਚਾਰੇ ਖਾਣੀ–ਅੰਡਜ, ਜੇਰਜ ,ਸੇਤਜ ਅਤੇ ਉਤਭੁਜ।ਵਰਤਨਿ–ਵਰਤ ਵਿਹਾਰ।ਭੋਗ–ਪਰਸ਼ਾਦ।ਤੁਹਾਰੇ–ਤੇਰੇ ਲਈ; ਤੈਨੂੰ।੪।੩।

ਅੰਗ ੬੯੫ = ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ ੴ ਸਤਿਗੁਰ ਪ੍ਰਸਾਦਿ ॥ ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ਰਹਾਉ॥ ਸੰਕਰਾ ਮਸਤਕਿ ਬਸਤਾ, ਸੁਰਸਰੀ ਇਸਨਾਨ ਰੇ ॥ ਕੁਲ ਜਨ ਮਧੇ ਮਿਲ੍ਯ੍ਯਿੋ ਸਾਰਗਪਾਨ ਰੇ ॥ ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥ ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ, ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥ ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ, ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥ ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪ ਤਰ ਸਿਖਰਿ, ਸੁਨਾਗਰ ਨਦੀ ਚੇ ਨਾਥੰ ॥ ਕਰਮ ਕਰਿ ਖਾਰੁ ਮਫੀਟਸਿ ਰੀ ॥੪॥ ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ,ਸਲਿ ਬਿਸਲਿ ਆਣਿ ਤੋਖੀਲੇ ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥ ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ, ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥ (ਭਗਤ ਜੀ ਅਪਣੀ ਦੁਖੀ ਹੋਈ ਪਤਨੀ ਨੂੰ ਸਮਝਾਉਂਦੇ ਹਨ) ਹੇ ਭੁੱਲੀ ਹੋਈ ਮੂਰਖ ਇਸਤ੍ਰੀ! ਤੂੰ ਪ੍ਰਭੂ ਦੀ ਨਿੰਦਿਆ ਕਿਉਂ ਕਰਦੀ ਹੈਂ? ਬੁਰਾ ਤੇ ਭਲਾ ਤੇਰਾ ਅਪਣਾ ਕੀਤਾ ਕਰਮ ਹੈ (ਜਿਸ ਦਾ ਫਲ ਦੁਖ ਸੁਖ ਰੂਪ ਮਿਲਦਾ ਹੈ)।੧।ਰਹਾਉ।ਹੇ ਇਸਤ੍ਰੀ! (ਦੇਖ ਚੰਦ੍ਰਮਾ) ਸ਼ਿਵ ਜੀ ਦੇ ਮੱਥੇ ਉਤੇ ਵਸਦਾ ਹੈ ਅਤੇ (ਸ਼ਿਵ ਦੀਆਂ ਜਟਾਂ ਵਿਚ ਵਸਦੀ) ਗੰਗਾ ਵਿਚ ਇਸ਼ਨਾਨ ਕਰਦਾ ਰਹਿੰਦਾ ਹੈ।(ਫਿਰ ਜਿਸ ਚੰਦ੍ਰਮਾ ਦੀ) ਕੁਲ ਦੇ ਲੋਕਾਂ ਵਿਚ ਵਿਸ਼ਨੂੰ ਦਾ ਅਵਤਾਰ ਕ੍ਰਿਸਨ ਆ ਮਿਲਿਆ ਭਾਵ ਅਵਤਾਰ ਧਾਰਿਆ।ਪਰ ਕਰਮਾਂ ਦੇ ਫਲ ਕਰਕੇ (ਚੰਦ੍ਰਮਾ ਦਾ) ਕਲੰਕ ਅਮਿੱਟ ਹੈ।੧।ਹੇ (ਮੇਰੀ ਇਸਤ੍ਰੀ! ਜੋ) ਸਾਰੇ ਵਿਸ਼ਵ ਦਾ ਦੀਵਾ (ਸੂਰਜ) ਹੈ, ਉਸ ਦੇ ਰਥ ਨੂੰ ਚਲਾਉਣ ਵਾਲੇ ਰਥਵਾਨ ਅਰੁਣ ਦਾ (ਉਹ ਸੂਰਜ) ਮਾਲਕ ਹੈ ਅਤੇ ਪੰਛੀਆਂ ਦਾ ਰਾਜਾ ਗਰੁੜ (ਵਿਸ਼ਨੂੰ ਦਾ ਰਥਵਾਨ) ਉਸ ਦਾ ਭਰਾ ਹੈ।ਪਰ ਕਰਮਾਂ ਕਰਕੇ ਅਰੁਣ ਪਿੰਗਲਾ ਹੈ (ਅਰੁਣ ਦਾ ਪਿੰਗਲਾ ਪਣ ਨਾ ਸੂਰਜ ਤੇ ਨਾ ਗਰੁੜ ਦਾ ਮਾਲਕ ਵਿਸ਼ਨੂੰ ਦੂਰ ਨਹੀਂ ਕਰ ਸਕਿਆ)।੨।ਹੇ ਇਸਤ੍ਰੀ! ਅਨੇਕਾਂ ਪਾਪਾਂ ਦੇ ਨਾਸ਼ ਕਰਨ ਵਾਲਾ ਸ਼ਿਵ ਜੀ, (ਜਿਸ ਨੂੰ ਲੋਕ) ਤਿੰਨ ਲੋਕਾਂ ਦਾ ਮਾਲਕ ਕਹਿੰਦੇ ਹਨ, ਉਹ) ਵੱਖ ਵੱਖ ਤੀਰਥਾਂ ਤੇ ਭੌਂਦਾ ਫਿਰਦਾ ਰਿਹਾ ਤੇ (ਖੋਪਰੀ ਤੋਂ) ਪਾਰ ਨਹੀਂ ਪਾ ਸਕਿਆ (ਬ੍ਰਹਮ ਹੱਤਿਆ ਦੇ ਦੋਸ਼ ਤੋਂ ਛੁਟਕਾਰਾ ਨਹੀਂ ਪਾ ਸਕਿਆ; ਸ਼ਿਵ ਜੀ ਨੇ ਬ੍ਰਹਮਾ ਦਾ ਸਿਰ ਵੱਢ ਦਿਤਾ ਸੀ, ਬ੍ਰਹਮਾ ਦਾ ਵੱਢਿਆ ਸਿਰ ਸ਼ਿਵ ਜੀ ਦੇ ਹੱਥ ਨਾਲ ਜੁੜ ਗਿਆ) ਕਰਮਾਂ ਦੇ ਫਲ ਕਰਕੇ ਉਹ ਖੋਪਰੀ ਅਮਿੱਟ ਰਹੀ (ਲਹਿ ਨਹੀਂ ਸਕੀ, ਕਪਾਲ ਮੋਚਨ ਨਹਾ ਕੇ ਖੋਪਰੀ ਉਤਰੀ ਸੀ)।੩।ਹੇ (ਇਸਤ੍ਰੀਏ!) ਸਾਰੀਆਂ ਨਦੀਆਂ ਦਾ ਮਾਲਕ ਜੋ ਸਮੁੰਦਰ ਹੈ, (ਜਿਸ ਵਿਚੋਂ) ਅੰਮ੍ਰਿਤ, ਚੰਦ੍ਰਮਾ, ਕਾਮਧੇਨ, ਲੱਛਮੀ, ਕਲਪ ਬ੍ਰਿਛ, ਸੱਤ ਮੂੰਹ ਵਾਲਾ ਘੋੜਾ ਅਤੇ ਧਨੰਤਰ ਵੈਦ (ਆਦਿ ਚੌਦਾਂ ਰਤਨ) ਨਿਕਲੇ।ਕਰਮਾਂ ਦੇ ਫਲ ਕਰਕੇ (ਉਸ ਦਾ) ਖਾਰਾਪਣ ਅਮਿੱਟ ਰਿਹਾ।੪।(ਜਿਸ ਹਨੂਮਾਨ ਨੇ) ਲੰਕਾ ਦਾ ਕਿਲਾ ਸਾੜ ਦਿਤਾ ਸੀ, ਰਾਵਣ ਦਾ ਅਸ਼ੋਕ ਬਾਗ ਪੁੱਟ ਦਿਤਾ ਸੀ ਅਤੇ (ਲੱਛਮਣ ਨੂੰ ਲੱਗੇ ਬਰਛੀ ਦੇ) ਜਖਮ ਨੂੰ ਰਾਜੀ ਕਰਨ ਵਾਲੀ ਸੰਜੀਵਨੀ ਬੂਟੀ ਲਿਆ ਕੇ ਹਰੀ (ਰਾਮ

ਚੰਦਰ) ਨੂੰ ਪ੍ਰਸੰਨ ਕੀਤਾ। ਪਰ ਹੇ (ਇਸਤ੍ਰੀ! ਉਸ ਦੇ ਕੀਤੇ) ਕਰਮਾਂ ਦੇ ਫਲ ਕਰਕੇ ਲੰਗੋਟੀ ਵਾਲਾ ਸਰਾਪ ਅਮਿੱਟ ਰਿਹਾ।੫। ਹੇ ਮੇਰੇ ਘਰ ਵਾਲੀ ਇਸਤ੍ਰੀਏ! ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ (ਬਿਨਾ ਭੋਗੇ) ਮਿਟਦਾ ਨਹੀਂ, ਇਸ ਕਰਕੇ ਕਰਕੇ ਮੈਂ ਰਾਮ ਦਾ ਨਾਮ ਜਪਦਾ ਹਾਂ। ਤ੍ਰਿਲੋਚਨ ਜੀ ਕਹਿੰਦੇ ਹਨ (ਕਿ ਹੇ ਭਾਗਵਾਨ ਇਸਤ੍ਰੀਏ! ਤੂੰ ਵੀ) ਰਾਮ ਦਾ ਨਾਮ ਜਪ।੬।੧।

ਪਦਾਰਥ = ਨਿੰਦਸਿ–ਨਿੰਦਿਆ ਕਰਦੀ ਹੈਂ। ਕਾਇ–ਕਿਉਂ। ਭੂਲੀ ਗਵਾਰੀ–ਹੇ ਭੁੱਲੀ ਹੋਈ ਮੂਰਖ ਇਸਤ੍ਰੀ!। ਦੁਕ੍ਰਿਤੁ–ਬੁਰਾ (ਪਾਪ) ਕਰਮ। ਸੁਕ੍ਰਿਤੁ–ਭਲਾ (ਪੁੰਨ) ਕਰਮ। ਥਾਰੋ–ਤੇਰਾ। ਰੀ–ਹੇ (ਇਸਤ੍ਰੀ!)।੧। ਰਹਾਉ। ਸੰਕਰਾ ਮਸਤਕਿ–ਸ਼ਿਵ ਜੀ ਦੇ ਮੱਥੇ ਤੇ। ਬਸਤਾ –ਵਸਦਾ ਹੈ। ਸੁਰਸਰੀ–ਗੰਗਾ। ਰੇ–ਹੇ (ਇਸਤ੍ਰੀਏ!)। ਕੁਲ ਜਨ ਮਧੇ–ਲੋਕਾਂ ਦੇ ਖਾਨਦਾਨ ਵਿਚ। ਸਾਰਗਪਾਨ–ਵਿਸ਼ਨੂੰ (ਜਿਸ ਦੇ ਹੱਥਾਂ ਵਿਚ ਸਿੰਗ ਦਾ ਬਣਿਆ ਧਨੁਖ ਹੈ)। ਕਲੰਕੁ–ਦਾਗ। ਮਫੀਟਸਿ–ਅਮਿੱਟ ਹੈ (ਮਿਟਦਾ ਨਹੀਂ)।੧। ਬਿਸ੍ਵ ਕਾ–ਸਾਰੇ ਜਗਤ ਦਾ। ਦੀਪਕੁ–ਚਾਨਣ ਕਰਨ ਵਾਲਾ ਦੀਵਾ (ਸੂਰਜ)। ਸ੍ਵਾਮੀ–ਮਾਲਕ। ਤਾ ਚੇ–ਉਸ ਦੇ। ਸੁਆਰਥੀ–ਰਥ ਚਲਾਉਣ ਵਾਲਾ ਰਥਵਾਹੀ। ਪੰਖੀ ਰਾਇ–ਪੰਛੀਆਂ ਦਾ ਰਾਜਾ। ਬਾਧਵਾ–ਭਰਾ। ਅਰੁਣ–ਗਰੁੜ ਦਾ ਵੱਡਾ ਭਰਾ, ਜੋ ਸੂਰਜ ਦਾ ਰਥਵਾਹੀ ਦੱਸੀਦਾ ਹੈ, ਜਨਮ ਤੋਂ ਪਿੰਗਲਾ ਹੈ।੨। ਪਾਤਿਕ–ਪਾਪ। ਹਰਤਾ–ਨਾਸ਼ ਕਰਨ ਵਾਲਾ। ਤ੍ਰਿਭਵਣ–ਤਿੰਨ ਲੋਕਾਂ ਦਾ। ਨਾਥੁ–ਮਾਲਕ। ਤੀਰਥਿ ਤੀਰਥਿ–ਹਰੇਕ ਤੀਰਥ ਉਤੇ। ਭ੍ਰਮਤਾ–ਭੌਂਦਾ ਫਿਰਦਾ ਰਿਹਾ। ਲਹੈ ਨ–ਨਹੀਂ ਪਾ ਸਕਿਆ। ਪਾਰੁ–ਅੰਤ; ਪਾਰਲਾ ਪਾਸਾ। ਕਪਾਲੁ–ਖੋਪਰੀ।੩। ਸਸੀਅ–ਚੰਦ੍ਰਮਾ। ਧੇਨ–ਗਾਂ। ਕਲਪ ਤਰ–ਕਲਪ ਬ੍ਰਿਛ। ਸਿਖਰਿ–ਸੱਤ ਮੂੰਹਾਂ ਵਾਲਾ ਘੋੜਾ। ਸੁਨਾਗਰ–ਧਨੰਤਰ ਵੈਦ। ਨਦੀ ਚੇ–ਨਦੀਆਂ ਦਾ। ਨਾਥੰ–ਮਾਲਕ। ਖਾਰੁ–ਖਾਰਾਪਣ।੪। ਦਾਧੀਲੇ–ਸਾੜ ਦਿਤਾ। ਗੜੁ–ਕਿਲ੍ਹਾ। ਉਪਾੜੀਲੇ–ਪੁੱਟ (ਉਜਾੜ) ਦਿਤਾ। ਬਣੁ–ਬਾਗ। ਸਲਿ–ਜਖਮ। ਬਿਸਲਿ–(ਘਾਓ ਨੂੰ) ਰਾਜੀ ਕਰਨ ਵਾਲੀ (ਬੂਟੀ)। ਆਨਿ–ਲਿਆ ਕੇ। ਤੋਖੀਲੇ–ਪ੍ਰਸੰਨ ਕੀਤਾ। ਹਰੀ–ਰਾਮ ਚੰਦਰ।੫। ਪੂਰਬਲੋ–ਪਿਛਲੇ ਜਨਮਾਂ ਦਾ। ਕ੍ਰਿਤ ਕਰਮੁ–ਕੀਤਾ ਹੋਇਆ ਕਰਮ। ਘਰ ਗੇਹਣਿ–ਹੇ ਘਰ ਵਾਲੀ ਇਸਤ੍ਰੀਏ!। ਤਾ ਚੇ–ਤਾਂ ਤੇ (ਇਸ ਕਰਕੇ)। ਮੋਹਿ–ਮੈਂ। ਜਾਪੀਅਲੇ–ਜਪਦਾ ਹਾਂ। ਚੇ–ਦਾ। ਬਦਤਿ–ਆਖਦਾ ਹੈ।੬।੧।

ਵਿਆਖਿਆ = ੧. ਇੰਦ੍ਰ ਨੇ ਗੋਤਮ ਰਿਖੀ ਦੀ ਸੁੰਦਰ ਇਸਤ੍ਰੀ ਅਹਿਲਿਆ ਦਾ ਸਤ ਭੰਗ ਕਰਨਾ ਚਾਹਿਆ। ਗੋਤਮ ਅੰਮ੍ਰਿਤ ਵੇਲੇ ਮੁਰਗੇ ਦੀ ਬਾਂਗ ਦੇਣ ਤੇ ਗੰਗਾ ਇਸ਼ਨਾਨ ਕਰਨ ਜਾਂਦਾ ਹੁੰਦਾ ਸੀ। ਇਸ ਵਿਚ ਚੰਦ ਨੇ ਇੰਦ੍ਰ ਦੀ ਮੱਦਤ ਕੀਤੀ ਸੀ, ਜਿਸ ਨੇ ਮੁਰਗਾ ਬਣ ਕੇ ਅੱਧੀ ਰਾਤ ਹੀ ਬਾਂਗ ਦੇ ਦਿਤੀ। ਇਸ ਤੇ ਗੋਤਮ ਇਸ਼ਨਾਨ ਕਰਨ ਚਲਾ ਗਿਆ, ਪਿੱਛੋਂ ਇੰਦਰ ਨੇ ਅਹਿਲਿਆ ਦਾ ਸਤ ਭੰਗ ਕੀਤਾ। ਜਦ ਗੋਤਮ ਗੰਗਾ ਤੇ ਪੁੱਜਾ ਤਾਂ ਪਤਾ ਲਗਾ ਕਿ ਅਜੇ ਤਾਂ ਅੱਧੀ ਰਾਤ ਹੋਈ ਹੈ। ਵਾਪਸ ਆਉਣ ਤੇ ਇੰਦ੍ਰ ਨੂੰ ਸਰਾਪ ਦਿਤਾ ਕਿ ਤੇਰੇ ਸਹਸ ਭਗਾਂ ਹੋ ਜਾਣ। ਚੰਦ ਜੋ ਮੁਰਗਾ ਬਣਿਆ ਹੋਇਆ ਸੀ, ਉਸ ਤੇ ਗਿੱਲਾ ਪਰਨਾ ਮਾਰਿਆ, ਜਿਸ ਦਾ ਦਾਗ ਚੰਦ ਨੂੰ ਲੱਗਿਆ ਦਸਿਆ ਜਾਂਦਾ ਹੈ। ਇਹ ਦਾਗ ਮਿਟਾਉਣ ਲਈ ਚੰਦ ਨੇ ਸ਼ਿਵ ਦੀ ਅਰਾਧਨਾ ਕੀਤੀ, ਸ਼ਿਵ ਨੇ ਵਰ ਮੰਗਣ ਨੂੰ ਕਿਹਾ। ਇਸ ਨੇ ਸ਼ਿਵ ਦੀਆਂ ਜਟਾਂ ਵਿਚ ਨਿਵਾਸ ਮੰਗਿਆ, ਜੋ ਸ਼ਿਵ ਨੇ ਦੇ ਦਿਤਾ। ਸ਼ਿਵ ਦੇ ਸਿਰ ਵਿਚ ਗੰਗਾ ਵੀ ਵਗਦੀ ਹੈ, ਚੰਦ ਰੋਜ ਗੰਗਾ ਵਿਚ ਇਸ਼ਨਾਨ ਕਰਦਾ ਸੀ। ਸ਼ਿਵ ਦੇ ਮੱਥੇ ਤੇ ਵਸਣ ਅਤੇ ਗੰਗਾ ਵਿਚ ਰੋਜ ਇਸ਼ਨਾਨ ਕਰਨ ਦੇ ਬਾਵਜੂਦ ਵੀ ਚੰਦ ਦਾ ਕਲੰਕ ਮਿਟ ਨਹੀਂ ਸਕਿਆ।੨. ਪਿਛਲੇ ਜਨਮ ਵਿਚ ਅਰੁਣ ਨੇ ਚੰਚਲਤਾਈ ਵਿਚ ਆ ਕੇ ਅੱਕ ਤੇ ਬੈਠੇ ਇਕ ਬੀਂਡੇ ਦੀਆਂ ਲੱਤਾਂ ਤੋੜ ਦਿਤੀਆਂ ਤੇ ਸੂਲ ਵਿਚ ਪਰੋ ਕੇ ਘੁਆਇਆ। ਤਿਸ ਦੇ ਪਾਪ ਕਰਕੇ ਇਹ ਲੂਲ੍ਹਾ ਜੰਮਿਆ ਅਤੇ ਸੂਰਜ ਦਾ ਰਥਵਾਹੀ ਬਣਿਆ। ਵਿਸ਼ਨੂੰ ਦਾ ਰਥਵਾਹੀ ਗਰੁੜ ਇਸ ਦਾ ਛੋਟਾ ਭਰਾ ਹੈ। ਕਰਮ ਫਲ ਕਰਕੇ ਇਸ ਦਾ ਪਿੰਗਲਾ ਪਣ ਫਿਰ ਵੀ ਦੂਰ ਨ ਹੋ ਸਕਿਆ।

੩. ਚਾਰ ਮੂੰਹਾਂ ਵਾਲਾ ਬ੍ਰਹਮਾ ਅਪਣੀ ਪੁਤ੍ਰੀ ਸੁਰੱਸਤੀ ਤੇ ਡੋਲ ਗਿਆ ਸੀ, ਜਦ ਸੁਰੱਸਤੀ ਅਪਣਾ ਧਰਮ ਬਚਾਉਣ ਵਾਸਤੇ ਅਕਾਸ਼ ਨੂੰ ਉਡਣ ਲੱਗੀ। ਬ੍ਰਹਮਾ ਨੇ ਉਪਰ ਵਾਲੇ ਪਾਸੇ ਨੂੰ ਅਪਣਾ ਪੰਜਵਾ ਸਿਰ ਬਣਾ ਲਿਆ, ਜਿਸ ਤੇ ਗੁੱਸੇ ਵਿਚ ਸ਼ਿਵ ਜੀ ਨੇ ਉਸ ਦਾ ਪੰਜਵਾਂ ਸਿਰ ਵੱਡ ਦਿਤਾ, ਜੋ ਸ਼ਿਵ ਜੀ ਦੇ ਹੱਥ ਨਾਲ ਚਿੰਬੜ ਗਿਆ। ਇਹ ਸਿਰ ਉਤਾਰਨ ਵਾਸਤੇ ਸਿਵ ਜੀ ਨੇ ਬਹੁਤ ਤੀਰਥਾਂ ਤੇ ਇਸ਼ਨਾਨ ਕੀਤਾ, ਪਰ ਸਿਰ ਜੁਦਾ ਨ ਹੋਇਆ। ਬ੍ਰਹਮ ਹੱਤਿਆ ਦਾ ਕਰਮ ਫਲ ਭੋਗਣਾ ਪਿਆ, ਕਿਹਾ ਜਾਂਦਾ ਹੈ ਕਿ ਕਪਾਲ ਮੋਚਨ ਤੀਰਥ ਵਿਚ ਇਸ਼ਨਾਨ ਕਰਨ ਨਾਲ ਉਸ ਦਾ ਸਿਰ ਹੱਥ ਤੋਂ ਲੱਥਾ ਸੀ।੪. ਸਮੁੰਦਰ ਦਾ ਹੰਕਾਰ ਤੋੜਨ ਵਾਸਤੇ ਅਗਸਤ ਮੁਨੀ ਨੇ ਵੈਰਾਟ ਰੂਪ ਧਾਰ ਉਸ ਨੂੰ ਢਾਈ ਚੂਲੀਆਂ ਵਿਚ ਪੀ ਲਿਆ। ਜਦ ਸਮੁੰਦਰ ਨੂੰ ਅਪਣੀ ਗਲਤੀ ਦਾ ਅਹਿਸਾਸ ਹੋਇਆ ਉਸ ਨੇ ਅਗਸਤ ਮੁਨੀ ਤੋਂ ਖਿਮਾ ਮੰਗੀ। ਅਗਸਤ ਮੁਨੀ ਨੇ ਪਿਸ਼ਾਬ ਦੇ ਰੂਪ ਵਿਚ ਬਾਹਰ ਕੱਢ ਦਿਤਾ, ਜਿਸ ਕਰਕੇ ਇਹ ਖਾਰਾ ਹੈ, ਕਰਮਾਂ ਦੇ ਫਲ ਕਰਕੇ ਇਸ ਦਾ ਖਾਰਾਪਣ ਦੂਰ ਨਾ ਹੋ ਸਕਿਆ।੫. ਹਨੂਮਾਨ ਨੇ ਪਿਛਲੇ ਜਨਮ ਵਿਚ ਇਸ਼ਨਾਨ ਕਰ ਰਹੇ ਰਿਖੀਆਂ ਦੇ ਕੱਪੜੇ ਚੁਰਾ ਲਏ। ਰਿਸ਼ੀ ਦੇ ਕੋਲ ਕੇਵਲ ਜੋ ਪਹਿਨੀ ਹੋਈ ਕੱਛ ਸੀ, ਉਹ ਹੀ ਬਚੀ ਸੀ। ਰਿਸ਼ੀ ਨੇ ਸਰਾਪ ਦੇ ਦਿਤਾ ਕਿ ਤੈਨੂੰ ਵੀ ਕੇਵਲ ਇਕ ਕੱਛ ਹੀ ਮਿਲੇਗੀ। ਜਦ ਹਨੂਮਾਨ ਸੰਜੀਵਨੀ ਬੂਟੀ ਵਾਲਾ ਪਹਾੜ ਚੁਕ ਲੈ ਆਇਆ ਤਾਂ ਉਸ ਵੇਲੇ ਰਾਮ ਚੰਦਰ ਜੀ ਨਹਾ ਕੇ ਅਪਣੀ ਕੱਛ ਨਚੋੜ ਰਹੇ ਸੀ, ਪ੍ਰਸੰਨ ਹੋ ਕੇ ਉਹ ਗਿੱਲੀ ਕੱਛ ਇਨਾਮ ਵਿਚ ਹਨੂਮਾਨ ਨੂੰ ਮਿਲੀ।

ਅਵਤਾਰਾਂ ਨੂੰ ਭਗਵਾਨ ਮੰਨ ਕੇ ਪੂਜਾ ਕਰਨ ਨਾਲ ਤੇ ਪੁੰਨ ਦਾਨ, ਜਪ ਤਪ ਅਤੇ ਤੀਰਥਾਂ ਤੇ ਇਸ਼ਨਾਨ ਆਦਿ ਕਰਨ ਨਾਲ ਪਾਪ

ਕਰਮਾਂ ਦਾ ਫਲ ਮਿਟਦਾ ਨਹੀਂ। ਵਾਹਿਗੁਰੂ ਦਾ ਨਾਮ ਸਿਮਰਨ ਕ੍ਰੋੜਾਂ ਦੁੱਖਾਂ ਤੇ ਪਾਪਾਂ ਨੂੰ ਨਾਸ਼ ਕਰ ਦੇਂਦਾ ਹੈ।

ਗੁਰ ਕਾ ਸਬਦੁ ਕਾਟੈ ਕੋਟਿ ਕਰਮ। (੧੧੯੫) ਗੁਰੂ ਦਾ ਸ਼ਬਦ ਕ੍ਰੋੜਾਂ ਪਾਪ ਕਰਮਾਂ ਦੇ ਸੰਸਕਾਰਾਂ ਨੂੰ ਕੱਟ ਦਿੰਦਾ ਹੈ।

ਸ੍ਰੀ ਸੈਣੁ ॥ ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾਪਤੀ ॥੧॥ ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ਰਹਾਉ॥ ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨੁ ਕਮਲਾਪਾਤੀ ॥੨॥ ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥੩॥ ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥੪॥੧॥ ਹੇ (ਲੱਛਮੀ ਦੇ ਪਤੀ) ਹਰੀ! ਮੈਂ ਤੈਥੋਂ ਕੁਰਬਾਨ ਜਾਂਦਾ ਹਾਂ। (ਇਹੋ ਮੇਰੇ ਲਈ) ਧੂਪ, ਦੀਵੇ ਅਤੇ ਘਿਓ ਆਦਿ ਸਮੱਗਰੀ ਸਾਜ ਕੇ ਕੀਤੀ ਆਰਤੀ ਹੈ।੧। ਹੇ ਹਰੀ! (ਤੁਸੀਂ) ਮੰਗਲਾਂ ਦੇ ਵੀ ਮੰਗਲ ਹੋ (ਦੇਵਤਿਆਂ ਦੀ ਆਰਤੀ ਕਰਕੇ ਜੋ ਖੁਸ਼ੀ ਮਿਲਦੀ ਹੈ, ਹਰੀ ਦਾ ਜਸ ਉਸ ਤੋਂ ਵੀ ਜਿਆਦਾ ਖੁਸ਼ੀ ਦਿੰਦਾ ਹੈ)। ਪ੍ਰਭੂ ਰਾਜਿਆਂ ਦਾ ਰਾਜਾ ਹੈ (ਦੇਵਤਿਆਂ ਦਾ ਦੇਵਤਾ ਹੈ), ਉਸ ਦਾ ਹਰ ਰੋਜ ਮੰਗਲ ਹੋ ਰਿਹਾ ਹੈ (ਸਾਰਾ ਵਿਸ਼ਵ ਹਰ ਰੋਜ ਉਸ ਦਾ ਮੰਗਲ ਗਾ ਰਿਹਾ ਹੈ)।੧। ਰਹਾਉ। ਹੇ ਮਾਇਆ ਤੋਂ ਨਿਰਲੇਪ ਲੱਛਮੀ ਦੇ ਪਤੀ ਪ੍ਰਭੂ! (ਮੇਰੀ ਲਈ) ਤੂੰ ਹੀ ਉਤਮ ਦੀਵਾ ਅਤੇ ਪਵਿਤ੍ਰ ਬੱਤੀ ਹੈਂ।੨। ਰਾਮ ਦੀ ਭਗਤੀ ਮੇਰਾ ਗੁਰੂ ਰਾਮਾਨੰਦ ਜਾਣਦਾ ਹੈ। ਉਹ ਹਰੀ ਨੂੰ ਪੂਰਨ ਅਤੇ ਮਹਾਨ ਅਨੰਦ ਰੂਪ ਬਿਆਨ ਕਰਦਾ ਹੈ।੩। ਹੇ ਮਨ ਨੂੰ ਮੋਹ ਲੈਣ ਦੇ ਰੂਪ ਵਾਲੇ ਪ੍ਰਿਥਵੀ ਦੇ ਮਾਲਕ ਪ੍ਰਭੂ! (ਤੇਰਾ ਨਾਮ) ਭਵਜਲ ਤੋਂ ਤਾਰਨ ਵਾਲਾ ਹੈ। ਸੈਣ ਆਖਦਾ ਹੈ, (ਹੇ ਸੰਸਾਰ ਦੇ ਲੋਕੋ! ਤੁਸੀਂ ਵੀ) ਪਰਮ ਅਨੰਦ ਪ੍ਰਭੂ ਦਾ ਭਜਨ ਕਰੋ (ਜੋ ਮੁਕਤੀ ਦੇਣ ਵਾਲਾ ਹੈ)।੪।੧।

ਮੰਗਲਾ ਹਰਿ ਮੰਗਲਾ = ਹੇ ਹਰੀ! ਦੇਵੀ ਦੇਵਤਿਆਂ ਦਾ ਮੰਗਲ ਕਰਨ ਨਾਲੋਂ ਤੇਰਾ ਮੰਗਲ ਕਰਨਾ ਉਤਮ ਹੈ। ਹੇ ਪ੍ਰਕਾਸ਼ ਸਰੂਪ ਪ੍ਰਭੂ ਪਾਤਸ਼ਾਹ! ਮੈਂ ਨਿੱਤ ਤੇਰਾ ਮੰਗਲ (ਜਸ) ਗਾਉਂਦਾ ਹਾਂ।

ਪਦਾਰਥ = ਦੀਪ–ਦੀਵੇ। ਘ੍ਰਿਤ–ਘਿਓ। ਧੂਪ–ਜਸ ਰੂਪ ਧੂਪ। ਦੀਪ–ਗਿਆਨ ਰੂਪ ਦੀਵਾ। ਘ੍ਰਿਤ–ਪ੍ਰੇਮ ਰੂਪ ਘਿਓ। ਬਾਤੀ–ਭਗਤੀ ਰੂਪ ਬੱਤੀ (ਸੰ.ਸ.;ਫ.ਸ.)। ਸਾਜਿ–ਸਾਜ (ਬਣਾ) ਕੇ। ਵਾਰਨੇ ਜਾਉ–ਕੁਰਬਾਨ ਜਾਂਦਾ ਹਾਂ। ਕਮਲਾਪਤੀ–ਲੱਛਮੀ ਦਾ ਪਤੀ ਪ੍ਰਭੂ।੧। ਮੰਗਲਾ–ਉਸਤਤੀ; ਅਨੰਦ; ਖੁਸ਼ੀ। ਨਿਤ–ਹਰ ਰੋਜ। ਰਾਇ–ਰਾਜਾ। ਕੋ–ਦਾ।੧। ਰਹਾਉ। ਦੀਅਰਾ–ਦੀਵਾ। ਨਿਰਮਲ–ਸੁੱਚੀ (ਸਾਫ ਸੁਥਰੀ)। ਬਾਤੀ–ਬੱਤੀ। ਨਿਰੰਜਨੁ–ਮਾਇਆ ਤੋਂ ਨਿਰਲੇਪ।੨। ਰਾਮ–ਪ੍ਰਭੂ। ਰਾਮਾਨੰਦੁ–ਸੈਣ ਜੀ ਦਾ ਗੁਰੂ। ਪੂਰਨ–ਸਰਬ ਵਿਆਪਕ। ਬਖਾਨੈ–ਉਚਾਰਦਾ ਹੈ।੩। ਮਦਨ–ਮਨ ਨੂੰ ਮੋਹ ਲੈਣ ਵਾਲਾ। ਮੂਰਤਿ–ਰੂਪ ਵਾਲਾ। ਭੈ–ਭਵ ਸਾਗਰ। ਤਾਰਿ–ਤਾਰਨ ਵਾਲਾ। ਗੋਬਿੰਦੇ–ਪ੍ਰਿਥਵੀ ਦਾ ਮਾਲਕ ਪ੍ਰਭੂ। ਭਣੈ–ਆਖਦਾ ਹੈ। ਭਜੁ–ਭਜਨ ਕਰੋ। ਪਰਮਾਨੰਦੇ–ਪਰਮ ਅਨੰਦ ਸਰੂਪ ਪ੍ਰਭੂ ਦਾ।੪।੧।

ਪੀਪਾ ॥ ਕਾਯਉ ਦੇਵਾ ਕਾਇਅਉ ਦੇਵਲ, ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ, ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ, ਰਾਮ ਕੀ ਦੁਹਾਈ ॥੧॥ਰਹਾਉ॥ ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ ॥੨॥੧॥ (ਭਗਤ ਪੀਪਾ ਜੀ ਕਹਿੰਦੇ ਹਨ ਕਿ ਮੇਰੇ ਲਈ) ਸਰੀਰ ਹੀ ਦੇਵਤਾ ਹੈ, ਇਹ ਸਰੀਰ ਹੀ ਦੇਵਤੇ ਦਾ ਮੰਦਰ ਹੈ (ਕਿਉਂਕਿ ਸਰੀਰ ਦੇ ਅੰਦਰ ਹੀ ਪ੍ਰਭੂ ਵਸਦਾ ਹੈ) {ਆਪ ਹੀ ਮੰਦਰੁ ਆਪਹਿ ਸੇਵਾ। ਆਪ ਹੀ ਪੁਜਾਰੀ ਆਪ ਹੀ ਦੇਵਾ ੮੦੩} ਅਤੇ ਸਰੀਰ ਹੀ ਜੰਗਮ ਹੈ ਤੇ ਸਰੀਰ ਹੀ (ਤੀਰਥਾਂ ਤੇ ਜਾਣ ਲਈ) ਯਾਤਰੀ ਹੈ। ਸਰੀਰ (ਦੇ ਅੰਦਰ ਦੀ ਖੋਜ ਹੀ ਮੇਰੇ ਲਈ ਮੇਰੇ ਅੰਦਰ ਵਸਦੇ ਪ੍ਰਭੂ ਦੇਵ ਲਈ) ਧੂਪ ਧੁਖਾਉਣਾ, ਦੀਵੇ ਜਗਾਉਣਾ ਤੇ ਪ੍ਰਸ਼ਾਦਿ ਭੇਟ ਹੈ ਅਤੇ ਸਰੀਰ (ਦੀ ਖੋਜ ਹੀ ਮੈਂ) ਫੁੱਲ ਪੱਤੇ ਭੇਟਾ ਰੱਖ ਕੇ ਪੂਜਾ ਕਰਦਾ ਹਾਂ।੧। ਸਭ ਦੇਸ਼ਾਂ ਨੂੰ ਖੋਜਦੇ ਸਰੀਰ ਦੇ ਅੰਦਰ ਹੀ (ਨਾਮ ਰੂਪ) ਨੌਂ ਖਜਾਨੇ ਪਾ ਲਏ ਹਨ {ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ੭੫੪}। ਪ੍ਰਮਾਤਮਾ ਦੀ ਦੁਹਾਈ (ਸੱਚ ਕਹਿੰਦਾ ਹਾਂ ਕਿ) ਨਾ ਕੁਛ ਆਉਂਦਾ ਹੈ ਤੇ ਨਾ ਕੁਛ ਜਾਂਦਾ ਹੈ (ਹੁਣ ਇਹ ਗਿਆਨ ਹੋ ਗਿਆ ਹੈ ਕਿ ਜੰਮਣ ਮਰਨਾ ਸਭ ਰੱਬ ਦੀ ਖੇਡ ਹੈ)।੧। ਰਹਾਉ। ਜਿਹੜਾ ਪ੍ਰਭੂ ਸ੍ਰਿਸਟੀ ਵਿਚ ਵਿਆਪਕ ਹੈ, ਉਹ ਹੀ ਮਨੁੱਖਾ ਸਰੀਰ ਵਿਚ ਵਸਦਾ ਹੈ {ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ੧੦੪੧}, ਪਰ ਜੋ (ਮਨੁੱਖ ਇਸ ਸਰੀਰ ਵਿਚੋਂ ਹਰੀ ਨੂੰ) ਖੋਜਦਾ ਹੈ, ਉਹ ਪਾ ਲੈਂਦਾ ਹੈ। ਪੀਪਾ ਜੀ ਬੇਨਤੀ ਕਰਦੇ ਹਨ, (ਸਾਰੀ ਸ੍ਰਿਸਟੀ ਦਾ) ਮੂਲ ਤੱਤ ਪ੍ਰਭੂ ਹੈ, (ਉਹ ਆਪ ਹੀ) ਸਤਿਗੁਰੂ ਰੂਪ ਹੋ ਕੇ ਸੁਝਾਉਂਦਾ ਹੈ (ਮਨੁੱਖ ਨੂੰ ਗਿਆਨ ਕਰਾਉਂਦਾ)।੨।੩

ਪਦਾਰਥ = ਕਾਯਉ–ਕਾਇਆਂ (ਸਰੀਰ) ਹੀ। ਦੇਵਾ–ਦੇਵਤਾ; ਕਰਤਾਰ। ਕਾਇਅਉ–ਕਾਇਆਂ (ਸਰੀਰ)। ਦੇਵਲ–ਮੰਦਰ। ਜੰਗਮ–ਜੋਗੀਆਂ ਦਾ ਇਕ ਫਿਰਕਾ, ਜਿਨ੍ਹਾਂ ਦੇ ਸਿਰ ਤੇ ਮੋਰ ਪੰਖ ਬੰਨ੍ਹੇ ਹੁੰਦੇ ਹਨ। ਜਾਤੀ–ਯਾਤਰੀ। ਦੀਪ–ਦੀਵੇ। ਨਈਬੇਦਾ–ਦੇਵਤਿਆਂ ਨੂੰ ਚੜ੍ਹਾਏ ਜਾਣ ਵਾਲਾ ਪ੍ਰਸ਼ਾਦ ਜਾਂ ਖੀਰ ਆਦਿ ਸੁਆਦਲਾ ਭੋਜਨ। ਪੂਜਉ–ਪੂਜਾ ਕਰਦਾ ਹਾਂ। ਪਾਤੀ–ਪੱਤੇ (ਤੇ ਫੁੱਲ ਅੱਗੇ ਧਰ ਕੇ)।੧। ਬਹੁ ਖੰਡ–ਬਹੁਤ ਦੇਸ਼ਾਂ ਨੂੰ। ਨਵ ਨਿਧਿ–(ਪ੍ਰਭੂ ਦਾ ਨਾਮ ਰੂਪ) ਨੌਂ ਨਿਧੀਆਂ। ਆਇਬੋ–ਆਉਂਦਾ (ਜਨਮਦਾ) ਹੈ। ਜਾਇਬੋ–ਜਾਂਦਾ (ਮਰਦਾ) ਹੈ। ਰਾਮ ਕੀ–ਪ੍ਰਭੂ ਦੀ। ਦੁਹਾਈ–ਸੱਚ ਕਹਿੰਦਾ ਹਾਂ; ਸੁਗੰਧ (ਸਹੁੰ)।੧। ਰਹਾਉ। ਬ੍ਰਹਮੰਡੇ–ਸ੍ਰਿਸਟੀ ਵਿਚ। ਸੋਈ–ਉਹ ਹੀ। ਪਿੰਡੇ–ਸਰੀਰ ਵਿਚ। ਸੋ–ਉਹ (ਮਨੁੱਖ)। ਪਾਵੈ–ਪਾ ਲੈਂਦਾ ਹੈ। ਪ੍ਰਣਵੈ–ਬੇਨਤੀ ਕਰਦਾ ਹੈ। ਪਰਮ ਤਤੁ–ਮੂਲ ਤੱਤ। ਲਖਾਵੈ–ਗਿਆਨ

ਕਰਾਉਂਦਾ ਹੈ।੨।੩।ਸਾਰੰਸ਼ = ਨਿਰੰਕਾਰ ਬਾਹਰ ਨਹੀਂ, ਮਨੁੱਖ ਦੇ ਅੰਦਰ ਹੀ ਹੈ।ਇਹ ਗਿਆਨ ਸਤਿਗੁਰੂ ਕਰਾਉਂਦਾ ਹੈ।
ਧੰਨਾ ॥ ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ ਭਗਤਿ ਕਰੰਤੇ, ਤਿਨ ਕੇ ਕਾਜ ਸਵਾਰਤਾ ॥੧॥ਰਹਾਉ॥ ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥ ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥ ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥ ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥ ਹੇ ਗੋਪਾਲ! ਮੈਂ ਤੇਰਾ ਆਰਤਾ ਕਰਦਾ ਹਾਂ; ਹੇ ਗੋਪਾਲ! ਤੇਰਾ ਦੁਖੀ ਭਗਤ (ਤੇਰੀ) ਸ਼ਰਣ ਵਿਚ ਆਇਆ ਹੈ।ਜਿਹੜੇ ਭਗਤ ਜਨ ਤੇਰੀ ਭਗਤੀ ਕਰਦੇ ਹਨ, ਤੂੰ ਉਨ੍ਹਾਂ ਦੇ ਕਾਰਜ ਸਵਾਰ ਦੇਂਦਾ ਹੈਂ।੧।ਰਹਾਉ।(ਹੇ ਪ੍ਰਭੂ! ਤੇਰੇ ਪਾਸੋਂ) ਮੈਂ ਦਾਲ, ਖਾਣ ਪੀਣ ਦਾ ਹੋਰ ਸਮਾਨ ਅਤੇ ਘਿਓ ਮੰਗਦਾ ਹਾਂ।ਜੋ ਹਰ ਰੋਜ ਮੇਰੇ ਮਨ ਨੂੰ ਖੁਸ਼ ਕਰਦਾ ਹੈ (ਪ੍ਰਭੂ ਦੀ ਦਿਤੀ ਰਸਦ ਖਾ ਕੇ ਮਨ ਖੁਸ਼ ਹੁੰਦਾ ਹੈ।ਪੈਰਾਂ ਵਿਚ ਪਾਉਣ ਵਾਸਤੇ) ਜੁੱਤੀ ,(ਪਹਿਨਣ ਲਈ) ਵਧੀਆ ਕੱਪੜਾ ਹੋਵੇ।ਸਤ ਵਾਰੀ ਵਾਹੀ ਹੋਈ ਜਮੀਨ ਵਿਚੋਂ ਪੈਦਾ ਹੋਇਆ ਅਨਾਜ ਮੰਗਦਾ ਹਾਂ।੧।ਦੁੱਧ ਦੇਣ ਵਾਲੀ ਗਾਂ ਤੇ ਮੱਝ ਮੰਗਦਾ ਹੈ।(ਸਵਾਰੀ ਵਾਸਤੇ) ਇਕ ਚੰਗੀ ਨਸਲ ਦੀ ਅਰਬੀ ਘੋੜੀ ਚਾਹੀਦੀ ਹੈ।ਅਤੇ ਘਰ ਦੀ (ਸੰਭਾਲ ਕਰਨ ਵਾਸਤੇ ਇਕ) ਚੰਗੀ ਇਸਤ੍ਰੀ ਚਾਹੀਦੀ ਹੈ।ਦਾਸ ਧੰਨਾ ਤੇਰੇ ਪਾਸੋਂ (ਇਹ ਸਭ ਚੀਜਾਂ) ਮੰਗ ਕੇ ਲੈਂਦਾ ਹੈ।੨।੪।

ਪਦਾਰਥ = ਗੋਪਾਲ–ਹੇ ਪ੍ਰਿਥਵੀ ਦੇ ਪਾਲਣਹਾਰ ਪ੍ਰਭੂ!।ਆਰਤਾ–ਰਾਤ ਵੇਲੇ ਥਾਲ ਵਿਚ ਘਿਓ ਦੇ ਦੀਵੇ ਬਾਲ ਕੇ ਜਾਂ ਚੰਦਨ ਤੇ ਮੁਸ਼ਕ ਕਪੂਰ ਜਲਾ ਕੇ ਅਪਣੇ ਪੂਜਨੀਕ ਦੇਵਤੇ ਅੱਗੇ ਉਹ ਥਾਲ ਉਪਰ ਥੱਲੇ ਘੁਮਾਈ ਜਾਣਾ।ਭਗਤ ਧੰਨਾ ਜੀ ਨੇ ਆਰਤੀ ਦੇ ਟਾਕਰੇ ਤੇ ਨਵਾਂ ਲਫਜ਼ ਆਰਤਾ ਘੜ ਕੇ ਅਪਣੇ ਪ੍ਰਭੂ ਦੀ ਵਡਿਆਈ ਕੀਤੀ ਹੈ (ਗੁ.ਗ੍ਰੰ.ਕੋਸ਼); (ਵਿਛੋੜੇ ਦਾ ਦਰਦ ਦੂਰ ਕਰਨ ਲਈ ਪ੍ਰਭੂ ਅੱਗੇ ਬੇਨਤੀ ਕਰਨ ਵਾਲਾ) ਦੁਖੀ ਸੇਵਕ।ਜਨ–ਭਗਤ ਜਨ।ਕਰੰਤੇ–ਕਰਦੇ ਹਨ।ਤਿਨ ਕੇ–ਉਨ੍ਹਾਂ ਦੇ।ਸਵਾਰਤਾ–ਪੂਰੇ ਕਰ ਦੇਂਦਾ ਹੈਂ।੧।ਰਹਾਉ।ਸੀਧਾ–ਆਟਾ ਆਦਿ ਖਾਣ ਪੀਣ ਦਾ ਸਮਾਨ (ਰਸਦ)।ਮਾਗਉ–ਮੈਂ ਮੰਗਦਾ ਹਾਂ।ਹਮਰਾ–ਮੇਰਾ।ਨਿਤ–ਹਰ ਰੋਜ। ਜੀਉ–ਮਨ।ਪਨ੍ਹੀਆ–ਜੁੱਤੀ।ਛਾਦਨੁ–ਕੱਪੜਾ।ਨੀਕਾ–ਵਧੀਆ।ਅਨਾਜੁ ਸਤ ਸੀਕਾ–ਸੱਤ ਵਾਰੀ ਜਮੀਨ ਵਾਹ ਕੇ ਪੈਦਾ ਕੀਤਾ ਅੰਨ। ੧।ਭੈਸ–ਮੱਝ।ਲਾਵੇਰੀ–ਦੁਧ ਦੇਣ ਵਾਲਾ ਪਸ਼ੂ।ਤਾਜਨਿ ਤੁਰੀ–ਅਰਬੀ ਨਸਲ ਦੀ ਘੋੜੀ।ਗੀਹਨਿ–ਇਸਤ੍ਰੀ।੨।੪।

ਵਿਆਖਿਆ = ਭਗਤ ਧੰਨਾ ਬਚਪਨ ਤੋਂ ਹੀ ਧਾਰਮਕ ਰੁਚੀ ਵਾਲਾ ਸੀ, ਅਪਣੇ ਪਿੰਡ ਦੇ ਪੰਡਤ ਕੋਲੋਂ ਇਕ ਪੱਥਰ ਲਿਆ ਕੇ ਪੂਜਾ ਕਰਕੇ ਭੋਜਨ ਖੁਆਉਣ ਲੱਗਾ।ਪੱਥਰ ਰੋਟੀ ਕਿਵੇਂ ਖਾਵੇ, ਵਾਪਸ ਪੰਡਤ ਕੋਲ ਧੰਨਾ ਫਿਰ ਗਿਆ ਅਤੇ ਪੁਛਣ ਲੱਗਾ ਕਿ ਪੰਡਤ ਜੀ! ਤੇਰਾ ਭਗਵਾਨ ਮੇਰੇ ਘਰੋਂ ਰੋਟੀ ਨਹੀਂ ਖਾ ਰਿਹਾ।ਪੰਡਤ ਨੇ ਜੁਆਬ ਦਿਤਾ ਕਿ ਧੰਨਿਆ! ਇਹ ਤਾਂ ਪੱਥਰ ਹੈ, ਪੱਥਰ ਕਿਤੇ ਕੁਛ ਖਾ ਸਕਦਾ ਹੈ? ਧੰਨਾ ਇਹ ਸੁਣ ਕੇ ਪੱਥਰ ਪੰਡਤ ਨੂੰ ਵਾਪਸ ਕਰ ਅਪਣੇ ਘਰ ਆ ਗਿਆ।ਪਰ ਧੰਨੇ ਦੇ ਅੰਦਰ ਰੱਬ ਦੀ ਤਲਾਸ਼ ਜਾਰੀ ਰਹੀ, ਆਖਰ ਕਿਸੇ ਤੋਂ ਦੱਸ ਪਈ ਤਾਂ ਧੰਨਾ ਬਨਾਰਸ ਜਾ ਕੇ ਰਾਮਾਨੰਦ ਜੀ ਦਾ ਸਿੱਖ ਬਣ ਕੇ ਭਗਤੀ ਕਰਨ ਲੱਗਾ।

ਪੇਟ ਦੀ ਪੂਰਤੀ ਕੀਤੇ ਬਿਨਾ ਭਜਨ ਵੀ ਨਹੀਂ ਹੁੰਦਾ, ਆਮ ਕਹਾਵਤ ਹੈ ਕਿ 'ਜੀਹਦੇ ਘਰ ਦਾਣੇ, ਓਹਦੇ ਕਮਲੇ ਵੀ ਸਿਆਣੇ'।ਕੰਮ ਕਾਜ ਕਰਨ ਵਿਚ ਵੀ ਚਿੱਤ ਤਦੇ ਲਗਦਾ ਹੈ, ਜੇ ਮਨੁੱਖ ਨੂੰ ਰੱਜ ਕੇ ਰੋਟੀ ਖਾਣ ਨੂੰ ਮਿਲ ਜਾਵੇ।

ਗਿਆਨ ਕਰੇ ਧਿਆਨ ਕਰੇ ਛੱਡੂ ਨਾਹੀ ਪੇਟ।ਸਭੇ ਗੱਲਾਂ ਸੁਥਰਿਆ ਦੋ ਰੋਟੀਆਂ ਦੇ ਹੈਠ।(ਸੁਥਰਾ)।

ਮਨ ਤਦੇ ਟਿਕਦਾ ਹੈ, ਜੇ ਪਹਿਲਾਂ ਪੇਟ ਪੂਰਤੀ ਹੋਵੇ, ਨਹੀਂ ਤਾਂ {ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ੧੪੬}।

ਮਹਾਤਮਾ ਬੁਧ ਦਾ ਇਕ ਭਿਖਸ਼ੂ ਸੈਰ ਕਰਦਾ ਸੀ, ਰਸਤੇ ਵਿਚ ਮਿਲੇ ਇਕ ਮੰਗਤੇ ਨੂੰ ਅਪਣਾ ਉਪਦੇਸ਼ ਦੇਣ ਲੱਗਾ, ਪਰ ਮੰਗਤੇ ਨੇ ਭਿਖਸ਼ੂ ਵੱਲ ਕੋਈ ਧਿਆਨ ਨਾ ਦਿਤਾ।ਭਿਖਸ਼ੂ ਮੰਗਤੇ ਦੀ ਅਸਲੀਅਤ ਨੂੰ ਨਹੀਂ ਸੀ ਜਾਣਦਾ।ਭਿਖਸ਼ੂ ਨੇ ਸਾਰੀ ਗੱਲ ਆ ਕੇ ਬੁੱਧ ਜੀ ਨੂੰ ਦੱਸੀ।ਬੁੱਧ ਜੀ ਨੇ ਆਖਿਆ ਕਿ ਮੰਗਤਾ ਬਹੁਤ ਭੁੱਖਾ ਸੀ, ਪਹਿਲਾ ਉਸ ਦੀ ਭੁੱਖ ਮਿਟਾਉਣੀ ਚਾਹੀਦੀ ਹੈ।ਮੰਗਤੇ ਨੂੰ ਬੁਲਾ ਕੇ ਪਹਿਲਾਂ ਰੋਟੀ ਖੁਆਈ ਗਈ, ਮੰਗਤਾ ਕਈ ਦਿਨਾਂ ਦਾ ਭੁੱਖਾ ਸੀ, ਭੁੱਖ ਬੰਦੇ ਨੂੰ ਨਾਸਤਕ ਬਣਾ ਦਿੰਦੀ ਹੈ।ਬੁੱਧ ਨੇ ਕਿਹਾ ਅੱਜ ਇਸ ਮੰਗਤੇ ਦੀ ਭੁੱਖ ਮਿਟਾਉਣਾ ਪਹਿਲਾ ਉਪਦੇਸ਼ ਹੈ।ਉਸ ਮੰਗਤੇ ਨੂੰ ਕਈ ਦਿਨ ਰੋਟੀ ਖੁਆ ਕੇ, ਉਸ ਦੀ ਭੁੱਖ ਮਿਟਾ ਕੇ ਫਿਰ ਬੁੱਧ ਜੀ ਨੇ ਉਸ ਮੰਗਤੇ ਨੂੰ ਉਪਦੇਸ਼ ਦਿਤਾ, ਜੋ ਕਿ ਬਾਦ ਵਿਚ ਬੁੱਧ ਧਰਮ ਦਾ ਬਹੁਤ ਵੱਡਾ ਪ੍ਰਚਾਰਕ ਬਣਿਆ।ਗੁਰੂ ਨਾਨਕ ਦੇਵ ਜੀ ਨੇ ਇਸੇ ਕਰਕੇ ਲੰਗਰ ਚਲਾਏ ਕਿ ਮਨੁੱਖ ਗੁਰੂ ਦੇ ਚਰਨਾਂ ਵਿਚ ਆ ਕੇ ਪਹਿਲਾਂ ਸਰੀਰਕ ਭੁੱਖ ਮਿਟਾਏ, ਫਿਰ ਕੀਰਤਨ ਸੁਣ ਕੇ ਮਨ ਦੀ ਭੁੱਖ ਮਿਟਾਵੇ {ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ੯੬੭}।ਗੁਰੂ ਅਮਰਦਾਸ ਜੀ ਦਾ ਹੁਕਮ ਸੀ ਕਿ ਪਹਿਲਾਂ ਲੰਗਰ ਛਕੋ, ਫਿਰ ਮੇਰੇ ਦਰਸ਼ਨ ਕਰੋ।ਮਨ ਦੀ ਉਚੀ ਅਵਸਥਾ ਵਿਚ ਪਹੁੰਚੇ ਗੁਰਮੁਖ ਦਾ ਭੋਜਨ ਹੀ ਭਜਨ ਬਣ ਜਾਂਦਾ ਹੈ, ਫਿਰ ਉਸ ਅਵਸਥਾ ਵਿਚ {ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ੧੪੧੪}।

ਜਲ੍ਹਣ ਜੱਟ ਨੂੰ ਜਦ ਪ੍ਰਮੇਸਰ ਦਾ ਪ੍ਰੇਮ ਲੱਗਾ ਤਾਂ ਕਿਸੇ ਨੇ ਕਿਹਾ ਕਿ ਇਕਾਂਤ ਜਗ੍ਹਾ ਬੈਠ ਕੇ ਮਾਲਾ ਫੇਰਿਆ ਕਰ।ਜਲ੍ਹਣ ਸਿੱਧਾ ਸਾਦਾ ਜੱਟ ਸੀ, ਸੋਚਿਆ ਕਿ ਜਿਤਨੇ ਵੱਡੇ ਮਣਕਿਆਂ ਦੀ ਮਾਲਾ ਹੋਵੇਗੀ, ਰੱਬ ਉਤਨੀ ਛੇਤੀ ਮਿਲੇਗਾ।ਲੋਕ ਕੋਹਿੰਦੇ ਹਨ ਕਿ ਰੱਬ ਉਚੀ ਜਗ੍ਹਾ ਅਸਮਾਨ ਵਿਚ ਰਹਿੰਦਾ ਹੈ, ਇਸ ਲਈ ਮਾਲਾ ਵੀ ਉਚੀ ਜਗ੍ਹਾ ਬੈਠ ਕੇ ਫੇਰਨੀ ਚਾਹੀਦੀ ਹੈ।ਜਲ੍ਹਣ ਨੇ ਅਪਣੇ ਖੇਤ

ਵਿਚੋਂ ਇਕ ਕਿੱਕਰ ਵੱਢ ਕੇ ਵੱਡੇ ਵੱਡੇ ਲਾਟੂਆਂ ਜਿੱਡੇ ਮਣਕਿਆਂ ਦੀ ਮਾਲਾ ਬਣਵਾਈ।ਕਈ ਦਿਨ ਬਾਦ ਜਦ ਕੁਛ ਨਾ ਬਣਿਆ ਤਾਂ ਅੱਕ ਕੇ ਛੰਦ ਰਚਦਾ ਹੈ = ਲੰਬੀ ਕਿੱਕਰ ਵੱਢ ਕੇ, ਜਪ ਮਾਲ ਬਣਾਇਆ।ਉਚੀ ਰੋੜੀ ਬੈਠ ਕੇ, ਠਾਹ ਠਾਹ ਵਜਾਇਆ।

ਹੋਰਨਾਂ ਦੀ ਜਪ ਮਾਲੀਆ, ਜਲਣ ਦਾ ਜਪ ਮਾਲ।ਸਾਰੀ ਉਮਰ ਫਿਰੇਂਦਿਆ ਜਲਣਾ, ਇਕ ਨ ਖੁੱਥਾ ਵਾਲ।

ਇਕ ਹੋਰ ਛੰਦ ਹੈ = ਮੁਰਾਦ ਨ ਹਾਸਲ ਹੋਵੇ, ਮਿਲਿਆਂ ਪੀਰ ਦੇ।ਦਰਬ ਨਾ ਹਾਸਲ ਹੋਵੇ, ਮਿਲੇ ਅਮੀਰ ਦੇ।ਹਿਰਦੇ ਸ਼ਾਂਤਿ ਨ ਹੋਵੇ, ਮਿਲੇ ਫਕੀਰ ਦੇ।ਜਲਣਾ ਤਿੰਨੇ ਦੇਹੁ ਬਹਾਏ, ਖਾਰੇ ਨੀਰ ਦੇ।(ਦੋਵੇਂ ਛੰਦ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸਨ ਨਿਰਣੈ ਵਿਚੋਂ)

ਧਨਾਸਰੀ ਰਾਗ ਸੰਪੂਰਨ ਹੋਇਆ।ਇਸ ਰਾਗ ਦੀ ਭਗਤਾਂ ਦੀ ਬਾਣੀ ਵਿਚ ੫ ਸ਼ਬਦ ਕਬੀਰ ਜੀ ਦੇ।ਨਾਮ ਦੇਵ ਜੀ ਦੇ ੫ ਸ਼ਬਦ। ਰਵਿਦਾਸ ਜੀ ਦੇ ੩ ਸ਼ਬਦ।ਤ੍ਰਿਲੋਚਨ ਜੀ, ਸੈਣ ਜੀ, ਪੀਪਾ ਅਤੇ ਧੰਨਾ ਜੀ ਦਾ ੧-੧ ਸ਼ਬਦ ਹੈ।ਕੁਲ ਜੋੜ ੧੭